## ਪੰਜਾਬ ਓਪਨ ਸਕੂਲ

# ਪ੍ਰਾਸਪੈਕਟਸ

## ਸੀਨੀਅਰ ਸੈਕੰਡਰੀ ਕੋਰਸ

## 2018-19

## ਪੰਜਾਬ ਸਕੂਲ ਸਿੱਖਿਆ ਬੋਰਡ

### ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ

ਟੈਲੀਫ਼ੋਨ ਨੰ: 0172-5227196-197

ਫ਼ੈਕਸ: 0172-5227195

ਈ-ਮੇਲ: ddopenschool@yahoo.com

punjabschool@yahoo.com

ਵੈੱਬਸਾਈਟ: www.pseb.ac.in

# ਸੰਦੇਸ਼

ਸਿੱਖਿਆ ਇੱਕੋ-ਇੱਕ ਭਰਪੂਰ ਸਾਧਨ ਹੈ ਜਿਸ ਨਾਲ ਸਮਾਜ ਵਿੱਚ ਪਰਿਵਰਤਨ ਸੰਭਵ ਹੈ। ਇਸ ਦਾ ਮਨੋਰਥ ਪ੍ਰਮਾਣ ਜਾਂ ਸਰਟੀਫ਼ਿਕੇਟ ਪ੍ਰਾਪਤ ਕਰਨਾ ਹੀ ਨਹੀਂ ਸਗੋਂ ਮਨੁੱਖ ਨੂੰ ਬਹੁਪੱਖੀ ਸੂਝ ਦਾ ਧਾਰਨੀ ਬਨਾਉਣਾ ਹੈ। ਸਰਵ-ਵਿਆਪਕ ਸਿੱਖਿਆ ਦਾ ਟੀਚਾ ਸਾਡੇ ਅੱਗੇ ਵੱਡੀ ਚੁਣੌਤੀ ਹੈ ਕਿਉਂਕਿ ਸਾਧਨ ਤੇ ਸਹੂਲਤਾਂ ਸੀਮਿਤ ਹੋਣ ਕਾਰਨ ਇਸ ਟੀਚੇ ਨੂੰ ਰਸਮੀ ਸਿੱਖਿਆ ਨਾਲ ਪੂਰਾ ਨਹੀਂ ਕੀਤਾ ਜਾ ਸਕਦਾ। ਕੌਮੀ ਸਿੱਖਿਆ ਨੀਤੀ ਅਧੀਨ ਉਲੀਕੇ ਉਦੇਸ਼ਾਂ ਦੀ ਪੂਰਤੀ ਲਈ ਪੰਜਾਬ ਵਿੱਚ ਰਸਮੀ ਸਿੱਖਿਆ ਪ੍ਰਣਾਲੀ ਦੇ ਨਾਲ-ਨਾਲ ਗੈਰ-ਰਸਮੀ ਸਿੱਖਿਆ ਪ੍ਰਣਾਲੀ ਵਜੋਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪੰਜਾਬ ਓਪਨ ਸਕੂਲ ਅਧੀਨ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਪ੍ਰਣਾਲੀ ਰਾਹੀਂ ਰਸਮੀ ਸਿੱਖਿਆ ਤੋਂ ਵਾਂਝੇ ਰਹੇ ਜਾਂ ਟੁੱਟ ਚੁੱਕੇ ਵਿਦਿਆਰਥੀਆਂ, ਨੌਕਰੀ ਸ਼ੁਦਾ ਲੋਕਾਂ ਜਿਹਨਾਂ ਨੂੰ ਮਜਬੂਰਨ ਅਗਲੇਰੀ ਪੜ੍ਹਾਈ ਬੰਦ ਕਰਨੀ ਪਈ ਹੋਵੇ, ਘਰੇਲੂ ਕੰਮ ਕਰਦੀਆਂ ਗ੍ਰਹਿਣੀਆਂ, ਫੌਜੀ ਅਤੇ ਨੀਮ ਫੌਜੀ ਦਸਤਿਆਂ ਦੇ ਜਵਾਨ, ਅਨੁਸੂਚਿਤ ਤੇ ਪੱਛੜੀਆਂ ਜਾਤੀਆਂ, ਦੂਰ-ਦੁਰਾਡੇ ਰਹਿੰਦੇ ਲੋਕ ਅਤੇ ਉਹ ਲੋਕ ਜੋ ਸਮਾਜਿਕ ਅਤੇ ਆਰਥਿਕ ਔਕੜਾਂ ਕਾਰਨ ਸਿੱਖਿਆ ਪ੍ਰਾਪਤ ਨਹੀਂ ਕਰ ਸਕੇ, ਨੂੰ ਮੁੜ ਸਿੱਖਿਆ ਜਗਤ ਨਾਲ ਜੋੜਿਆ ਜਾ ਸਕਦਾ ਹੈ।

ਓਪਨ ਸਕੂਲ ਸਿੱਖਿਆ ਪ੍ਰਣਾਲੀ ਸਵੈ-ਅਧਿਐਨ 'ਤੇ ਜ਼ੋਰ ਦਿੰਦੀ ਹੈ ਅਤੇ ਔਕੜ ਪੇਸ਼ ਆਉਣ ਮੌਕੇ ਅਧਿਆਪਕ ਇੱਕ ਭਰੋਸੇਯੋਗ ਸਲਾਹਕਾਰ ਵਜੋਂ ਕੰਮ ਕਰਦਾ ਹੈ ਜੋ ਵਿਦਿਆਰਥੀਆਂ ਦੇ ਨੇਮਬੱਧ ਸਮੇਂ ਤੇ ਸਕੂਲ ਜਾਣ ਤੋਂ ਬਗੈਰ ਹੀ ਇਹ ਸਪਸ਼ਟ ਕਰਦਾ ਹੈ ਕਿ ਪੜ੍ਹਾਈ ਕਿਵੇਂ, ਕਿੱਥੇ ਅਤੇ ਕਿਸ ਤੋਂ ਕਰਨੀ ਹੈ। ਇਸ ਮੰਤਵ ਦੀ ਪੂਰਤੀ ਲਈ ਹੀ ਸਕੂਲਾਂ ਦੀ ਐਕਰੀਡਿਟੇਸ਼ਨ ਕਰਕੇ ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਅਧਿਐਨ ਕੇਂਦਰ ਸਥਾਪਿਤ ਕੀਤੇ ਜਾਂਦੇ ਹਨ ਜਿੱਥੇ ਵਿਦਿਆਰਥੀਆਂ ਲਈ ਵਿਅਕਤੀਗਤ ਸੰਪਰਕ ਪ੍ਰੋਗਰਾਮ ਰਾਹੀਂ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਲਾਗੂ ਪੜ੍ਹਾਈ ਸਕੀਮ ਦੇ ਵਿਸ਼ਿਆਂ ਲਈ ਰੈਗੂਲਰ ਵਿਦਿਆਰਥੀਆਂ ਵਾਲਾ ਪਾਠ-ਕ੍ਰਮ ਹੀ ਲਾਗੂ ਹੈ ਅਤੇ ਓਪਨ ਸਕੂਲ ਦੇ ਕੋਰਸਾਂ ਦੀ ਪਰੀਖਿਆ ਪਾਸ ਕਰਨ 'ਤੇ ਸਰਟੀਫ਼ਿਕੇਟ ਵੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਿੱਤਾ ਜਾਂਦਾ ਹੈ ਜੋ ਹਰ ਪੱਖੋਂ ਰੈਗੂਲਰ ਵਿਦਿਆਰਥੀਆਂ ਦੇ ਸਰਟੀਫ਼ਿਕੇਟ ਦੇ ਬਰਾਬਰ ਹੈ।

ਆਸ ਕਰਦੇ ਹਾਂ ਕਿ ਸਾਖਰਤਾ ਦੇ ਟੀਚੇ ਨੂੰ ਪੂਰਾ ਕਰਨ ਲਈ ਓਪਨ ਸਕੂਲ ਸਿੱਖਿਆ ਪ੍ਰਣਾਲੀ ਦਾ ਇਹ ਉਪਰਾਲਾ ਪੜ੍ਹਾਈ ਤੋਂ ਵਾਂਝੇ ਰਹੇ ਵਿਦਿਆਰਥੀਆਂ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰੇਗਾ ਅਤੇ ਜੀਵਨ ਜਾਚ ਸਿਖਾ ਕੇ ਸਫ਼ਲ ਵਿਅਕਤੀ ਬਣ ਸਕਣ ਲਈ ਨਵੀਂ ਰਾਹ ਦਿਖਾਏਗਾ। ਇਸ ਸਿੱਖਿਆ ਪ੍ਰਣਾਲੀ ਵਿਚ ਹੋਰ ਸੁਧਾਰ ਲਿਆਉਣ ਹਿੱਤ ਖੇਤਰ ਤੋਂ ਆਏ ਸੁਝਾਵਾਂ ਦਾ ਬੋਰਡ ਵਲੋਂ ਸਤਿਕਾਰ ਕੀਤਾ ਜਾਵੇਗਾ।

ਚੇਅਰਮੈਨ,
ਪੰਜਾਬ ਸਕੂਲ ਸਿੱਖਿਆ ਬੋਰਡ।
ਸਾਹਿਬਜ਼ਾਦਾ ਅਜੀਤ ਸਿੰਘ ਨਗਰ

# ਪੰਜਾਬ ਸਕੂਲ ਸਿੱਖਿਆ ਬੋਰਡ

## ਓਪਨ ਸਕੂਲ ਸਿੱਖਿਆ ਪ੍ਰਣਾਲੀ

## ਸੀਨੀਅਰ ਸੈਕੰਡਰੀ ਕੋਰਸ

## 1. ਉਦੇਸ਼

1.1 ਰਾਸ਼ਟਰੀ ਸਿੱਖਿਆ ਨੀਤੀ 1986 ਵਿਚ ਸਾਖਰਤਾ ਸਬੰਧੀ ਸਕੰਲਪ ਦੀ ਪ੍ਰਤੀ ਪੂਰਤੀ ਲਈ ਠੋਸ ਯਤਨ।

1.2 ਅਜਿਹੇ ਵਿਦਿਆਰਥੀਆਂ ਨੂੰ ਵਿੱਦਿਆ ਸੰਬੰਧੀ ਅਗਵਾਈ ਦੇਣਾ, ਜਿਹੜੇ ਰਸਮੀ ਸਿੱਖਿਆ ਪ੍ਰਣਾਲੀ ਰਾਹੀਂ ਕਿਸੇ ਕਾਰਨ ਵਿੱਦਿਆ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।

1.3 ਸਿੱਖਿਆ ਦੀ ਮਨੁੱਖੀ ਜੀਵਨ ਵਿੱਚ ਸਿੱਖਿਆ ਦੀ ਨਿਰੰਤਰਤਾ ਕਾਇਮ ਕਰਨਾ।

1.4 ਚਿਰਕਾਲ ਤੋਂ ਚੱਲੀ ਆ ਰਹੀ ਰੂੜ੍ਹੀਵਾਦੀ ਅਧਿਆਪਕ ਕੇਂਦਰਤ ਪ੍ਰਣਾਲੀ ਵਿੱਚ ਕੁਝ ਕ੍ਰਾਂਤੀਕਾਰੀ ਪਰਿਵਰਤਨ ਕਰਕੇ ਸਵੈ-ਅਧਿਐਨ ਰਾਹੀਂ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਦੀ ਭਾਵਨਾ ਉਜਾਗਰ ਕਰਨਾ। ਮੌਲਿਕ ਚਿੰਤਨ, ਪਹਿਲ ਸ਼ਕਤੀ, ਕੰਮ ਕਰਨ ਵਿੱਚ ਸਵੈ-ਮਾਣ ਦੀ ਭਾਵਨਾ ਆਦਿ ਦਾ ਅਹਿਸਾਸ ਕਰਵਾ ਕੇ ਵਿਦਿਆਰਥੀਆਂ ਦੀ ਸ਼ਖ਼ਸੀਅਤ ਦਾ ਸਰਵ-ਪੱਖੀ ਵਿਕਾਸ ਕਰਨਾ।

1.5 ਬਹੁਤ ਘੱਟ ਖ਼ਰਚੇ ਨਾਲ ਵਿੱਦਿਆ ਨੂੰ ਹਰ ਇੱਕ ਵਿਦਿਆਰਥੀ ਦੇ ਦਰੋ-ਦੀਵਾਰ ਤੱਕ ਪਹੁੰਚਾਉਣਾ।

## 2. ਤਰਜੀਹੀ ਵਿਦਿਆਰਥੀ ਵਰਗ

ਕਿਸੇ ਵੀ ਕਾਰਨ ਰਸਮੀ ਸਿੱਖਿਆ ਤੋਂ ਵਾਂਝੇ ਰਹਿ ਚੁੱਕੇ ਓਮੀਦਵਾਰ ਜਿਵੇਂ :

- ਘਰ ਵਿੱਚ ਕੰਮ ਕਰਦੀਆਂ ਗ੍ਰਹਿਣੀਆਂ
- ਕਾਰਖਾਨਿਆਂ ਵਿੱਚ ਕੰਮ ਕਰਦੇ ਮਜਦੂਰ
- ਫ਼ੌਜੀ ਅਤੇ ਅਰਧ-ਸੈਨਿਕ ਦਸਤਿਆਂ ਦੇ ਜਵਾਨ
- ਖੇਤੀਬਾੜੀ ਕਰਦੇ ਕਿਸਾਨ
- ਨੌਕਰੀ ਸ਼ੁਦਾ ਲੜਕੇ ਅਤੇ ਲੜਕੀਆਂ
- ਅਨੁਸੂਚਿਤ ਤੇ ਪੱਛੜੀਆਂ ਜਾਤੀਆਂ
- ਦੂਰ ਦੁਰਾਡੇ ਰਹਿੰਦੇ ਲੋਕ
- ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀ

## 3. ਕੋਰਸ ਦਾ ਸਮਾਂ

ਕੋਰਸ ਦਾ ਸਮਾਂ ਇੱਕ ਅਕਾਦਮਿਕ ਸਾਲ ਹੋਵੇਗਾ। ਪ੍ਰੀਖਿਆ ਸਾਲਾਨਾ ਪ੍ਰਣਾਲੀ ਅਧੀਨ (ਮਾਰਚ-ਅਪਰੈਲ ਮਹੀਨੇ) ਰੈਗੂਲਰ ਵਿਦਿਆਰਥੀਆਂ ਦੀ ਤਰਜ਼ ਤੇ ਹੀ ਹੋਵੇਗੀ।

## 4. ਦਾਖਲੇ ਲਈ ਯੋਗਤਾਵਾਂ

4.1 ਪੰਜਾਬ ਜਾਂ ਚੰਡੀਗੜ੍ਹ (ਯੂ.ਟੀ.) ਦਾ ਵਸਨੀਕ ਹੋਵੇ।

4.2 ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕੁਲੇਸ਼ਨ ਜਾਂ ਇਸ ਦੇ ਬਰਾਬਰ ਦੀ ਕੋਈ ਪਰੀਖਿਆ ਪਾਸ ਕੀਤੀ ਹੋਵੇ ਅਤੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਦਾਖਲਾ ਲੈਣ ਸਮੇਂ ਮੈਟ੍ਰਿਕ ਦੀ ਪਰੀਖਿਆ ਪਾਸ ਕਰਨ ਤੋਂ ਘੱਟ ਤੋਂ ਘੱਟ ਇੱਕ ਸਾਲ ਦੀ ਵਿੱਥ ਰੱਖਦਾ ਹੋਵੇ।

ਜਾਂ

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕੁਲੇਸ਼ਨ ਜਾਂ ਇਸ ਦੇ ਬਰਾਬਰ ਦੀ ਕੋਈ ਪਰੀਖਿਆ ਪਾਸ ਕੀਤੀ ਹੋਵੇ ਅਤੇ ਸੀਨੀਅਰ ਸੈਕੰਡਰੀ ਕੋਰਸ ਦੀ ਪਰੀਖਿਆ ਦੇਣ ਸਮੇਂ ਤੱਕ ਦੋ ਅਕਾਦਮਿਕ ਸਾਲ ਦੀ ਵਿੱਥ ਰੱਖਦਾ ਹੋਵੇ।

ਜਾਂ

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕੁਲੇਸ਼ਨ ਪਰੀਖਿਆ ਵਿੱਚ ਘੱਟੋ-ਘੱਟ ਦੋ ਅਕਾਦਮਿਕ ਸਾਲ ਪਹਿਲਾਂ ਕੰਪਾਰਟਮੈਂਟ/ਰੀਅਪੀਅਰ ਆਈ ਹੋਵੇ ਅਤੇ ਦਾਖਲਾ ਲੈਣ ਸਮੇਂ ਤੱਕ ਇਹ ਕੰਪਾਰਟਮੈਂਟ/ਰੀਅਪੀਅਰ ਪਾਸ ਕਰ ਲਈ ਹੋਵੇ। (ਰੀਅਪੀਅਰ ਜਾਂ ਕੰਪਾਰਟਮੈਂਟ ਉਮੀਦਵਾਰਾਂ ਲਈ 2 ਸਾਲ ਦੀ ਵਿੱਥ ਰੀਅਪੀਅਰ ਜਾਂ ਕੰਪਾਰਟਮੈਂਟ ਆਉਣ ਵਾਲੇ ਅਕਾਦਮਿਕ ਸਾਲ ਤੋਂ ਗਿਣੀ ਜਾਵੇਗੀ।)

ਜਾਂ

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸੀਨੀਅਰ ਸੈਕੰਡਰੀ ਜਾਂ ਇਸ ਦੇ ਬਰਾਬਰ ਦੀ ਪਰੀਖਿਆ ਵਿੱਚੋਂ ਫੇਲ੍ਹ ਹੋ ਚੁੱਕਾ ਹੋਵੇ।

ਜਾਂ

ਸੀਨੀਅਰ ਸੈਕੰਡਰੀ ਕੋਰਸ ਵਿੱਚ ਕੰਪਾਰਟਮੈਂਟ/ਰੀ-ਅਪੀਅਰ ਦੇ ਪ੍ਰਾਪਤ ਸਾਰੇ ਮੌਕੇ ਸਮਾਪਤ ਕਰ ਚੁੱਕਾ ਹੋਵੇ।

4.3 ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਲਈ ਗਈ ਸੀਨੀਅਰ ਸੈਕੰਡਰੀ ਜਾਂ ਇਸ ਦੇ ਬਰਾਬਰ ਦੀ ਪਰੀਖਿਆ ਸਮਾਨ ਗਰੁੱਪ ਨਾਲ ਜਾਂ ਇਸ ਤੋਂ ਉਚੇਰੇ ਪੱਧਰ ਦੀ ਪਰੀਖਿਆ ਪਾਸ ਨਾ ਕੀਤੀ ਹੋਵੇ।

4.4 ਨੈਸ਼ਨਲ ਇੰਨਸਟੀਚਿਊਟ ਆਫ ਓਪਨ ਸਕੂਲਿੰਗ ਦਾ ਵਿਦਿਆਰਥੀ ਤਾਂ ਹੀ ਪੰਜਾਬ ਓਪਨ ਸਕੂਲ ਦੇ ਦਾਖਲੇ ਲਈ ਯੋਗ ਹੋਵੇਗਾ ਜੇਕਰ ਉਹ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਦੇ ਸੈਕੰਡਰੀ ਕੋਰਸ ਵਿੱਚ ਇੱਕ ਵਾਰੀ ਦਾਖ਼ਲ ਹੋਣ ਉਪਰੰਤ ਕੰਪਾਰਟਮੈਂਟ/ਰੀ-ਅਪੀਅਰ ਦੇ ਸਾਰੇ ਮੌਕੇ ਸਮਾਪਤ ਕਰ ਚੁੱਕਾ ਹੋਵੇ ਅਤੇ ਉਸ ਨੂੰ ਫੇਲ੍ਹ ਐਲਾਨਿਆ ਕੀਤਾ ਜਾ ਚੁੱਕਾ ਹੋਵੇ।

4.5 ਵਿਦਿਆਰਥੀ ਨੂੰ ਉਸੇ ਜ਼ਿਲ੍ਹੇ ਵਿੱਚ ਸਥਿਤ ਅਧਿਐਨ ਕੇਂਦਰ ਵਿੱਚ ਦਾਖਲਾ ਦਿੱਤਾ ਜਾਵੇਗਾ ਜਿਸ ਜ਼ਿਲ੍ਹੇ ਦਾ ਉਹ ਵਸਨੀਕ ਹੈ। ਜੇਕਰ ਕਿਸੇ ਵਿਦਿਆਰਥੀ ਦੇ ਨਿਵਾਸ ਸਥਾਨ ਤੋਂ ਉਸ ਦੇ ਜ਼ਿਲ੍ਹੇ ਵਿੱਚ ਸਥਿਤ ਅਧਿਐਨ ਕੇਂਦਰ 15 ਕਿ.ਮੀ. (ਸੜਕ ਰਸਤੇ) ਤੋਂ ਦੂਰ ਹੈ ਅਤੇ ਨੇੜੇ ਦੇ ਕਿਸੇ ਜ਼ਿਲ੍ਹੇ ਵਿੱਚ ਸਥਿਤ ਅਧਿਐਨ ਕੇਂਦਰ 15 ਕਿ.ਮੀ. ਤੋਂ ਨੇੜੇ ਹੈ ਜਾਂ ਉਸ ਜ਼ਿਲ੍ਹੇ ਵਿੱਚ ਕੋਰਸ ਦੀ ਜ਼ਰੂਰਤ ਅਨੁਸਾਰ ਅਧਿਐਨ ਕੇਂਦਰ ਨਹੀਂ ਹੈ ਤਾਂ ਵਿਦਿਆਰਥੀ ਬਾਹਰਲੇ ਜ਼ਿਲ੍ਹੇ ਵਿੱਚ ਦਾਖਲਾ ਲੈ ਸਕਦਾ ਹੈ ਪਰ ਅਜਿਹੇ ਵਿਦਿਆਰਥੀਆਂ ਨੂੰ ਦੂਸਰੇ ਜ਼ਿਲ੍ਹੇ ਵਿੱਚ ਦਾਖਲਾ ਲੈਣ ਲਈ ਕਾਰਣ ਦੱਸਦੇ ਹੋਏ ਸਬੂਤ ਵਜੋਂ ਦਸਤਾਵੇਜ਼ ਪੇਸ਼ ਕਰਦੇ ਹੋਏ ਦਰਖ਼ਾਸਤ

ਦੇਣੀ ਪਵੇਗੀ ਜੋ ਪਿੰਡ ਦੇ ਸਰਪੰਚ/ਨਗਰਪਾਲਿਕਾ ਦੇ ਕੌਂਸਲਰ ਆਦਿ ਤੋਂ ਤਸਦੀਕ ਹੋਵੇ। ਉਸ ਵਿਦਿਆਰਥੀ ਨੂੰ ਆਰਜ਼ੀ ਦਾਖਲਾ ਦਿੱਤਾ ਜਾਵੇਗਾ। ਬੋਰਡ ਵਿੱਚ ਦਸਤਾਵੇਜ਼ਾਂ ਦੀ ਪੜਤਾਲ ਉਪਰੰਤ ਦਸਤਾਵੇਜ਼ ਸਹੀ ਹੋਣ ਤੇ ਹੀ ਦਾਖਲਾ ਫਾਈਨਲ ਸਮਝਿਆ ਜਾਵੇਗਾ।

**ਸੰਬੰਧਤ ਜ਼ਿਲ੍ਹੇ ਦੇ ਵਸਨੀਕ ਹੋਣ ਵੱਜੋਂ ਹੇਠ ਲਿਖੇ ਦਸਤਾਵੇਜ਼ਾਂ ਵਿੱਚੋਂ ਕੋਈ ਦੋ ਮੰਨਣਯੋਗ ਹੋਣਗੇ। ਇਨ੍ਹਾਂ ਦਸਤਾਵੇਜ਼ਾਂ ਵਿੱਚੋਂ ਇੱਕ, ਵਿਦਿਆਰਥੀ ਦਾ ਆਧਾਰ ਕਾਰਡ ਹੋਣਾ ਲਾਜ਼ਮੀ ਹੋਵੇਗਾ :-**

(ੳ) ਮਾਪਿਆਂ ਦਾ ਜਾਂ ਆਪਣਾ ਰਾਸ਼ਨ ਕਾਰਡ ਜੋ ਦਾਖਲੇ ਸਮੇਂ ਚਲੰਤ ਵਿੱਚ ਹੋਵੇ।

(ਅ) ਵਿਦਿਆਰਥੀ ਦਾ ਵੋਟਰ ਕਾਰਡ ਜਾਂ ਪਾਸਪੋਰਟ।

(ੲ) ਉਸ ਸਰਕਾਰੀ/ਅਰਧ ਸਰਕਾਰੀ ਅਦਾਰੇ ਦੇ ਸਮਰੱਥ ਅਧਿਕਾਰੀ ਦੁਆਰਾ ਜਾਰੀ ਸ਼ਨਾਖਤੀ ਕਾਰਡ ਜਾਂ ਸਰਟੀਫ਼ਿਕੇਟ ਜਿੱਥੇ ਉਮੀਦਵਾਰ ਨੌਂਕਰੀ ਕਰਦਾ ਹੋਵੇ।

(ਸ) ਮਾਪਿਆਂ ਦਾ ਜਾਂ ਆਪਣਾ ਪੱਕੇ ਪਤੇ ਦਾ ਹਲਫੀਆ ਬਿਆਨ ਪੱਕੇ ਕਾਗਜ਼ ਉੱਤੇ ਜੋ ਸੰਬੰਧਿਤ ਪਿੰਡ ਦੇ ਸਰਪੰਚ/ਪੰਚ, ਨਗਰਪਾਲਿਕਾ ਜਾਂ ਨਗਰ ਦੇ ਕੌਂਸਲਰ ਆਦਿ ਦੁਆਰਾ ਤਸਦੀਕ ਸ਼ੁਦਾ ਹੋਵੇ।

(ਹ) ਕਿਸੇ ਸਰਕਾਰੀ/ਅਰਧ ਸਰਕਾਰੀ ਅਦਾਰੇ ਦੁਆਰਾ ਜਾਰੀ ਦਸਤਾਵੇਜ਼ ਜਿਸ ਉਤੇ ਵਿਦਿਆਰਥੀ ਦੇ ਮਾਪਿਆਂ/ਸਰਪਰੱਸਤ ਦਾ ਪਤਾ ਦਰਜ ਹੋਵੇ।

## 5. ਜ਼ਿਲ੍ਹਾ ਕੋਡ

ਵੱਖ-ਵੱਖ ਜ਼ਿਲਿਆਂ ਲਈ ਹੇਠ ਲਿਖੇ ਅਨੁਸਾਰ ਕੋਡ ਨਿਰਧਾਰਿਤ ਹਨ। ਦਾਖ਼ਲਾ ਫ਼ਾਰਮ ਭਰਦੇ ਸਮੇਂ ਠੀਕ ਕੋਡ ਭਰਿਆ ਜਾਵੇ:-

| ਲੜੀ ਨੰ: | ਜ਼ਿਲ੍ਹਾ | ਕੋਡ ਨੰ: | ਲੜੀ ਨੰ: | ਜ਼ਿਲ੍ਹਾ | ਕੋਡ ਨੰ: | ਲੜੀ ਨੰ: | ਜ਼ਿਲ੍ਹਾ | ਕੋਡ ਨੰ: |
|---|---|---|---|---|---|---|---|---|
| 1. | ਸ੍ਰੀ ਅੰਮ੍ਰਿਤਸਰ ਸਾਹਿਬ | 010 | 9. | ਜਲੰਧਰ | 080 | 17. | ਰੂਪ ਨਗਰ | 160 |
| 2. | ਬਠਿੰਡਾ | 020 | 10. | ਕਪੂਰਥਲਾ | 090 | 18. | ਸਾਹਿਬਜ਼ਾਦਾ ਅਜੀਤ ਸਿੰਘ ਨਗਰ | 165 |
| 3. | ਬਰਨਾਲਾ | 025 | 11. | ਲੁਧਿਆਣਾ | 100 | 19. | ਸੰਗਰੂਰ | 170 |
| 4. | ਫ਼ਰੀਦਕੋਟ | 030 | 12. | ਮਾਨਸਾ | 110 | 20. | ਤਰਨ ਤਾਰਨ | 175 |
| 5. | ਫ਼ਤਿਹਗੜ੍ਹ ਸਾਹਿਬ | 040 | 13. | ਮੋਗਾ | 120 | 21. | ਫ਼ਾਜ਼ਿਲਕਾ | 190 |
| 6. | ਫ਼ਿਰੋਜ਼ਪੁਰ | 050 | 14. | ਸ੍ਰੀ ਮੁਕਤਸਰ ਸਾਹਿਬ | 130 | 22. | ਪਠਾਨਕੋਟ | 200 |
| 7. | ਗੁਰਦਾਸਪੁਰ | 060 | 15. | ਸ਼ਹੀਦ ਭਗਤ ਸਿੰਘ ਨਗਰ | 140 | | | |
| 8. | ਹੁਸ਼ਿਆਰਪੁਰ | 070 | 16. | ਪਟਿਆਲਾ | 150 | | | |

## 6. ਦਾਖ਼ਲੇ ਦੀਆਂ ਮਿਤੀਆਂ ਅਤੇ ਫ਼ੀਸਾਂ

**ਵਿਸ਼ੇਸ਼ ਨੋਟ : ਬੋਰਡ ਵੱਲੋਂ ਬੈਂਕ ਰਾਹੀਂ ਲਈ ਗਈ ਫ਼ੀਸ ਹੀ ਵਿਦਿਆਰਥੀ ਦੀ ਕੁੱਲ ਦਾਖਲਾ ਫ਼ੀਸ ਹੈ। ਪ੍ਰੀਖਿਆ ਫ਼ੀਸ ਤੋਂ ਇਲਾਵਾ ਅਧਿਐਨ ਕੇਂਦਰ ਨੂੰ ਹੋਰ ਕੋਈ ਫ਼ੀਸ ਨਾ ਦਿੱਤੀ ਜਾਵੇ।**

| ਮਿਤੀਆਂ ਅਤੇ ਫ਼ੀਸਾਂ ਦਾ ਵੇਰਵਾ | ਦਾਖਲਾ ਫੀਸ ਪ੍ਰਤੀ ਵਿਦਿਆਰਥੀ | ਪ੍ਰੀਖਿਆ ਫੀਸ ਪ੍ਰਤੀ ਵਿਦਿਆਰਥੀ |
|---|---|---|
| ਬਿਨਾਂ ਲੇਟ ਫ਼ੀਸ 1 ਅਪਰੈਲ 2018 ਤੋਂ 19 ਜੁਲਾਈ, 2018 ਤੱਕ | 2500/- ਰੁਪਏ | • 1200/-ਰੁ: +(100/- ਪ੍ਰਤੀ ਵਿਸ਼ਾ ਪ੍ਰਯੋਗੀ ਵਿਸ਼ਾ ਫੀਸ)<br>• ਵਾਧੂ ਵਿਸ਼ੇ ਦੀ ਫੀਸ 350/-ਰੁ: ਪ੍ਰਤੀ ਵਿਸ਼ਾ<br><br>**ਨੋਟ:** ਪ੍ਰੀਖਿਆ ਫੀਸ ਦੇ ਦੇਰੀ ਦੇ ਜੁਰਮਾਨੇ ਪ੍ਰੀਖਿਆ ਸ਼ਾਖਾ ਵੱਲੋਂ ਨਿਰਧਾਰਤ ਕੀਤੇ ਸ਼ਡਿਊਲ ਅਨੁਸਾਰ ਹੀ ਵਸੂਲੇ ਜਾਣਗੇ। |
| ਐਸ.ਸੀ./ਬੀ.ਸੀ./ਅਪੰਗ ਲੜਕੇ ਅਤੇ ਸਮੂਹ ਲੜਕੀਆਂ ਲਈ ਦਾਖ਼ਲਾ ਫ਼ੀਸ | 2450/- ਰੁਪਏ | |
| ਵਾਧੂ ਵਿਸ਼ਾ ਦਾਖ਼ਲਾ ਫ਼ੀਸ (ਪ੍ਰਤੀ ਵਿਸ਼ਾ) | 350/- ਰੁਪਏ | |
| ਨਵੀਂ ਰਜਿਸਟ੍ਰੇਸ਼ਨ ਫ਼ੀਸ | 150/- ਰੁਪਏ | |
| ਰਜਿਸਟ੍ਰੇਸ਼ਨ ਜਾਰੀ ਰੱਖਣ ਲਈ ਕੰਟੀਨਿਊਸ਼ਨ ਫ਼ੀਸ | 100/- ਰੁਪਏ | |
| ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ ਫ਼ੀਸ | 1500/- ਰੁਪਏ | |
| ਫ਼ਾਰਮ ਜੇਕਰ ਡਾਊਨਲੋਡ ਕੀਤਾ ਹੋਵੇ ਤਾਂ ਫ਼ੀਸ | 100/-ਰੁਪਏ ਪ੍ਰਤੀ ਫ਼ਾਰਮ | |
| ****** 20 ਜੁਲਾਈ, 2018 ਤੋਂ 02 ਅਗਸਤ, 2018 ਤੱਕ | ਉਪਰੋਕਤ ਅਨੁਸਾਰ ਅਤੇ | |

| | | |
|---|---|---|
| | 500/-ਰੁਪਏ ਲੇਟ ਫ਼ੀਸ ਨਾਲ | |
| *** 03 ਅਗਸਤ, 2018 ਤੋਂ 17 ਅਗਸਤ, 2018 ਤੱਕ | ਉਪਰੋਕਤ ਅਨੁਸਾਰ ਅਤੇ 1000/-ਰੁਪਏ ਲੇਟ ਫ਼ੀਸ ਨਾਲ | |

ਬਿਨਾਂ ਲੇਟ ਫ਼ੀਸ 19 ਜੁਲਾਈ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

26 ਜੁਲਾਈ, 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

500/-ਰੁਪਏ ਲੇਟ ਫ਼ੀਸ ਨਾਲ

02 ਅਗਸਤ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

08 ਅਗਸਤ, 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

1000/-ਰੁਪਏ ਲੇਟ ਫ਼ੀਸ ਨਾਲ

17 ਅਗਸਤ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

21 ਅਗਸਤ, 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

1500/-ਰੁਪਏ ਲੇਟ ਫ਼ੀਸ ਨਾਲ

31 ਅਗਸਤ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

6 ਸਤੰਬਰ, 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

2000/-ਰੁਪਏ ਲੇਟ ਫ਼ੀਸ ਨਾਲ

17 ਸਤੰਬਰ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

21 ਸਤੰਬਰ, 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

3000/-ਰੁਪਏ ਲੇਟ ਫ਼ੀਸ ਨਾਲ

1 ਅਕਤੂਬਰ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

5 ਅਕਤੂਬਰ, 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

4000/-ਰੁਪਏ ਲੇਟ ਫ਼ੀਸ ਨਾਲ

15 ਅਕਤੂਬਰ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

19 ਅਕਤੂਬਰ, 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

5000/-ਰੁਪਏ ਲੇਟ ਫ਼ੀਸ ਨਾਲ

2 ਨਵੰਬਰ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

8 ਨਵੰਬਰ, 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

6000/-ਰੁਪਏ ਲੇਟ ਫ਼ੀਸ ਨਾਲ

16 ਨਵੰਬਰ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

21 ਨਵੰਬਰ , 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

7000/-ਰੁਪਏ ਲੇਟ ਫ਼ੀਸ ਨਾਲ

3 ਦਸੰਬਰ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

7 ਦਸੰਬਰ, 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

8000/-ਰੁਪਏ ਲੇਟ ਫ਼ੀਸ ਨਾਲ

18 ਦਸੰਬਰ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

24 ਦਸੰਬਰ , 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

9000/-ਰੁਪਏ ਲੇਟ ਫ਼ੀਸ ਨਾਲ

2 ਜਨਵਰੀ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

7 ਜਨਵਰੀ, 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

10,000/-ਰੁਪਏ ਲੇਟ ਫ਼ੀਸ ਨਾਲ

17 ਜਨਵਰੀ, 2018 (ਦਾਖਲਾ ਫ਼ਾਰਮ ਅਤੇ ਚਲਾਨ ਜਨਰੇਟ ਕਰਵਾਉਣ ਲਈ)

22 ਜਨਵਰੀ, 2018 (ਬੈਂਕ ਵਿਚ ਫ਼ੀਸ/ਚਲਾਨ ਜਮ੍ਹਾਂ ਕਰਵਾਉਣ ਲਈ)

ਨੋਟ:

1 ਪੰਜਾਬ ਬੋਰਡ ਦੀ ਮੈਟ੍ਰਿਕੁਲੇਸ਼ਨ ਵਿੱਚੋਂ ਪਾਸ ਜਾਂ ਸੀਨੀਅਰ ਸੈਕੰਡਰੀ ਵਿੱਚ ਫੇਲ੍ਹ ਵਿਦਿਆਰਥੀ ਯੋਗਤਾ ਪੂਰੀ ਕਰਨ ਤੇ ਮੁੱਖ ਨਤੀਜਾ ਐਲਾਨੇ ਜਾਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਬਿਨਾਂ ਲੇਟ ਫ਼ੀਸ ਦਾਖ਼ਲਾ ਲੈ ਸਕਦੇ ਹਨ।

2 ਓਪਨ ਸਕੂਲ ਪ੍ਰਣਾਲੀ ਵਿੱਚ ਵਿਦਿਆਰਥੀ ਦਾ ਦਾਖਲਾ ਅਧਿਐਨ ਕੇਂਦਰ ਰਾਹੀਂ ਨਾ ਕਰਕੇ ਆਪ ਵਿਦਿਆਰਥੀ ਵੱਲੋਂ ਬੋਰਡ ਦੀ ਵੈੱਬਸਾਈਟ ਤੇ ਜਾ ਕੇ ਆਨਲਾਈਨ ਕੀਤਾ ਜਾਵੇਗਾ। ਵਿਦਿਆਰਥੀ ਆਪਣੇ ਸਾਰੇ ਵੇਰਵੇ ਵਿਸ਼ਿਆਂ ਸਮੇਤ ਆਨਲਾਈਨ ਭਰੇਗਾ। ਦਾਖਲਾ ਫ਼ੀਸ ਬੈਂਕਾਂ ਰਾਹੀਂ ਲਈ ਜਾਵੇਗੀ। ਬੈਂਕਾਂ ਦੀ ਸੂਚੀ ਕਾਲਮ ਨੰ: 8 ਵਿੱਚ ਦਰਜ ਹੈ। ਪੂਰਾ ਫ਼ਾਰਮ ਭਰਨ ਉਪਰੰਤ ਫਾਈਨਲ ਸਬਮਿਸ਼ਨ ਹੋ ਜਾਵੇਗੀ ਅਤੇ ਚਲਾਨ ਦੀਆਂ ਤਿੰਨ ਕਾਪੀਆਂ ਜਨਰੇਟ ਹੋਣਗੀਆਂ ਤੇ ਵਿਦਿਆਰਥੀ ਦੇ ਸਾਰੇ ਵੇਰਵੇ ਲਾਕ ਹੋ ਜਾਣਗੇ। ਵਿਦਿਆਰਥੀ ਇਹ ਚਲਾਨ ਭਰ ਕੇ ਬੈਂਕ ਵਿੱਚ ਫ਼ੀਸ ਜਮ੍ਹਾਂ ਕਰਵਾਏਗਾ। ਚਲਾਨ ਦੀ ਇੱਕ ਕਾਪੀ ਵਿਦਿਆਰਥੀ ਆਪਣੇ ਕੋਲ ਰੱਖੇਗਾ, ਇੱਕ ਕਾਪੀ ਬੈਂਕ ਵਿੱਚ ਜਮ੍ਹਾਂ ਕਰਵਾਏਗਾ ਅਤੇ ਇੱਕ ਕਾਪੀ ਬਾਕੀ ਦਸਤਾਵੇਜ਼ਾਂ ਦੇ ਨਾਲ ਨੱਥੀ ਕਰੇਗਾ ਜੋ ਕਿ ਅਧਿਐਨ ਕੇਂਦਰ ਵਿੱਚ ਜਮ੍ਹਾ ਕਰਵਾਏ ਜਾਣੇ ਹਨ। **ਫ਼ੀਸ ਜਮ੍ਹਾਂ ਹੋਣ ਤੋਂ ਦੋ ਦਿਨ ਬਾਅਦ ਵਿਦਿਆਰਥੀ ਦਾ ਫ਼ਾਰਮ ਸਿੱਧਾ ਉਸ ਨੂੰ ਅਲਾਟ ਹੋਏ ਅਧਿਐਨ ਕੇਂਦਰ ਵਿੱਚ ਡਾਊਨਲੋਡ ਹੋ ਸਕੇਗਾ। ਫਾਰਮ ਪੂਰਾ ਭਰੇ ਜਾਣ ਤੋਂ ਬਾਅਦ ਸਲਿੱਪ ਜਨਰੇਟ ਹੋਵੇਗੀ, ਜਿਸ ਉੱਤੇ ਅਲਾਟ ਹੋਏ ਅਧਿਐਨ ਕੇਂਦਰ ਦਾ ਨਾਂ ਦਰਜ ਹੋਵੇਗਾ। ਇਸ ਸਲਿੱਪ ਨੂੰ ਲੈ ਕੇ 7 ਦਿਨ ਦੇ ਅੰਦਰ-ਅੰਦਰ ਆਪਣੇ ਅਧਿਐਨ ਕੇਂਦਰ ਨੂੰ ਸੰਪਰਕ ਕੀਤਾ ਜਾਵੇ। 7 ਦਿਨਾਂ ਤੱਕ ਅਧਿਐਨ ਕੇਂਦਰ ਨੂੰ ਸੰਪਰਕ ਨਾ ਕਰਨ ਤੇ ਵਿਦਿਆਰਥੀ ਦਾ ਦਾਖਲਾ ਰੱਦ ਵੀ ਹੋ ਸਕਦਾ ਹੈ। ਅਧਿਐਨ ਕੇਂਦਰ ਵੱਲੋਂ ਦਾਖਲਾ ਫ਼ਾਰਮ ਦੀ ਡਾਊਨਲੋਡ ਕੀਤੀ ਇੱਕ ਕਾਪੀ ਲੋੜੀਂਦੇ ਦਸਤਾਵੇਜ਼ਾਂ (ਲੜੀ ਨੰ: 7 ਅਨੁਸਾਰ ) ਸਮੇਤ ਨਿਰਧਾਰਿਤ ਮਿਤੀ ਤੱਕ ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇਗੀ।**

3\. ਸ਼ਨਾਖਤੀ ਕਾਰਡ ਡਾਊਨਲੋਡ ਕਰਕੇ ਉਸਨੂੰ ਅਧਿਐਨ ਕੇਂਦਰ ਮੁਖੀ ਤੋਂ ਤਸਦੀਕ ਕਰਵਾ ਕੇ ਆਪਣੇ ਕੋਲ ਰੱਖੇਗਾ। ਜਦੋਂ ਵੀ ਵਿਦਿਆਰਥੀ ਅਧਿਐਨ ਕੇਂਦਰ ਦੇ ਵਿੱਚ ਆਉਂਦਾ ਹੈ ਤਾਂ ਸ਼ਨਾਖਤੀ ਕਾਰਡ ਆਪਣੇ ਨਾਲ ਲੈ ਕੇ ਆਵੇ ਨਹੀਂ ਤਾਂ ਉਸ ਨੂੰ ਅਧਿਐਨ ਕੇਂਦਰ ਵਿੱਚ ਪ੍ਰਵੇਸ਼ ਕਰਨ ਤੋਂ ਰੋਕਿਆ ਵੀ ਜਾ ਸਕਦਾ ਹੈ।

4\. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦਾਖਲਾ ਅਤੇ ਪ੍ਰੀਖਿਆ ਫ਼ੀਸਾਂ ਤੇ ਮਿਤੀਆਂ ਵਿੱਚ ਤਬਦੀਲੀ ਕਰ ਸਕਦੇ ਹਨ।

## 7. ਦਾਖਲੇ ਸਮੇਂ ਵਿਦਿਆਰਥੀ ਦੁਆਰਾ ਦਾਖਲਾ ਫ਼ਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼

| ਲੜੀ ਨੰ: | ਦਸਤਾਵੇਜ਼ | ਫੋਟੋ ਕਾਪੀਆਂ ਦੀ ਗਿਣਤੀ |
|---|---|---|
| 1 | ਚਲਾਨ ਦੀ ਕਾਪੀ | ਦੋ ਕਾਪੀਆਂ |
| 2 | ਦਾਖਲੇ ਅਤੇ ਜਨਮ ਮਿਤੀ ਲਈ ਯੋਗਤਾ ਨਿਯਮ 4 ਅਨੁਸਾਰ ਪੇਸ਼ ਕੀਤੇ ਦਸਤਾਵੇਜ਼ ਅਤੇ | ਦੋ-ਦੋ ਫੋਟੋ ਕਾਪੀਆਂ |
| 3 | ਵਿਸ਼ਿਆਂ ਦਾ ਕਰੈਡਿਟ ਕੈਰੀ ਕਰਨ ਲਈ ਪੇਸ਼ ਕੀਤੇ ਸਰਟੀਫ਼ਿਕੇਟ | ਦੋ ਫੋਟੋ ਕਾਪੀਆਂ |
| 4 | ਐਸ.ਸੀ./ਬੀ.ਸੀ./ਅਪੰਗ ਹੋਣ ਦੀ ਸੂਰਤ ਵਿੱਚ ਅਸਲ ਸਰਟੀਫ਼ਿਕੇਟ ਅਤੇ | ਦੋ ਫੋਟੋ ਕਾਪੀਆਂ |
| 5 | ਜ਼ਿਲ੍ਹੇ ਦਾ ਵਸਨੀਕ ਹੋਣ ਦੇ ਸਬੂਤ ਵਜੋਂ ਨਿਯਮ 4.5 ਅਨੁਸਾਰ ਕੋਈ ਇੱਕ ਸਰਟੀਫ਼ਿਕੇਟ ਅਤੇ | ਦੋ ਫੋਟੋ ਕਾਪੀਆਂ |
| 6 | ਆਪਣੇ ਜਿਲ੍ਹੇ ਤੋਂ ਬਾਹਰਲੇ ਜ਼ਿਲ੍ਹੇ ਵਿੱਚ ਦਾਖਲਾ ਲੈਣ ਲਈ ਲੋੜੀਂਦੇ ਦਸਤਾਵੇਜ਼ ਅਤੇ | ਦੋ ਫੋਟੋ ਕਾਪੀਆਂ |

**ਨੋਟ : ਉਪਰੋਕਤ ਦਸਤਾਵੇਜ਼ਾਂ ਦੇ ਦੋ ਸੈੱਟ ਬਣਾ ਕੇ ਅਧਿਐਨ ਕੇਂਦਰ ਵਿੱਚ ਜਮ੍ਹਾਂ ਕਰਵਾਏ ਜਾਣ।**

## 8. ਬੈਂਕਾਂ ਦੀ ਸੂਚੀ

1. ਸਟੇਟ ਬੈਂਕ ਆਫ ਪਟਿਆਲਾ
2. ਪੰਜਾਬ ਨੈਸ਼ਨਲ ਬੈਂਕ

## 9. ਪੜ੍ਹਾਈ ਸਕੀਮ

ਸੀਨੀਅਰ ਸੈਕੰਡਰੀ ਕੋਰਸ ਵਿੱਚ ਤਿੰਨ ਗਰੁੱਪ ਲਾਗੂ ਹਨ: ਹਿਊਮੈਨੀਟੀਜ਼, ਕਾਮਰਸ ਅਤੇ ਮਿਸ਼ਰਿਤ ਗਰੁੱਪ। ਵਿਦਿਆਰਥੀ ਹਿਊਮੈਨੀਟੀਜ਼ ਜਾਂ ਕਾਮਰਸ ਜਾਂ ਮਿਸ਼ਰਿਤ ਗਰੁੱਪ ਵਿੱਚੋਂ ਕਿਸੇ ਇੱਕ ਗਰੁੱਪ ਦੀ ਚੋਣ ਕਰ ਸਕਦਾ ਹੈ।

### 9.1 ਪੜ੍ਹਾਈ ਵਿਸ਼ੇ:

| ਕੋਡ ਨੰ: | ਵਿਸ਼ੇ ਦਾ ਨਾਂ | ਲਿਖਤੀ | ਪ੍ਰਯੋਗੀ | ਸੀ.ਸੀ.ਈ ਦੇ ਅੰਕ ਜੋ ਅਨੁਪਾਤ ਅਨੁਸਾਰ ਦਿੱਤੇ ਜਾਣਗੇ | ਕੁੱਲ ਅੰਕ |
|---|---|---|---|---|---|
| **ਲਾਜ਼ਮੀ ਵਿਸ਼ੇ** | | | | | |
| 001 | ਅੰਗਰੇਜ਼ੀ ਲਾਜ਼ਮੀ | 65 | - | 10 | 75 |
| 002<br>003 | ਪੰਜਾਬੀ ਲਾਜ਼ਮੀ (ਜਾਂ)<br>ਪੰਜਾਬ ਹਿਸਟਰੀ ਐਂਡ ਕਲਚਰ | 65 | - | 10 | 75 |
| **ਨੋਟ: ਪੰਜਾਬ ਹਿਸਟਰੀ ਐਂਡ ਕਲਚਰ ਵਿਸ਼ਾ ਰੈਗੂਲਰ ਵਿਦਿਆਰਥੀਆਂ ਲਈ ਲਾਗੂ ਸ਼ਰਤਾਂ ਅਧੀਨ ਹੀ ਲਿਆ ਜਾ ਸਕੇਗਾ।** | | | | | |
| **ਚੋਣਵੇਂ ਵਿਸ਼ੇ** | | | | | |
| **ਹਿਊਮੈਨੀਟੀਜ਼ ਗਰੁੱਪ (301) ਕੋਈ ਤਿੰਨ ਵਿਸ਼ੇ ਚੁਣੋ ਪਰ ਵਿਦਿਆਰਥੀ ਚੋਣਵੀਂਆਂ ਭਾਸ਼ਾਵਾਂ ਅਤੇ ਤਿੰਨੋ ਸੰਗੀਤ ਵੰਨਗੀਆਂ ਵਿੱਚੋਂ ਇੱਕ-ਇੱਕ ਵਿਸ਼ਾ ਹੀ ਚੁਣ ਸਕਦੇ ਹਨ।** | | | | | |
| 004 | ਚੋਣਵੀਂ ਪੰਜਾਬੀ | 90 | - | 10 | 100 |

| | | | | | |
|---|---|---|---|---|---|
| 005 | ਹਿੰਦੀ | 90 | – | 10 | 100 |
| 025 | ਇਤਿਹਾਸ | 90 | – | 10 | 100 |
| 026 | ਅਰਥ ਸ਼ਾਸਤਰ | 90 | – | 10 | 100 |
| 028 | ਗਣਿਤ | 90 | – | 10 | 100 |
| 031 | ਰਾਜਨੀਤੀ ਸ਼ਾਸਤਰ | 90 | – | 10 | 100 |
| 032 | ਸਮਾਜ ਸ਼ਾਸਤਰ | 90 | – | 10 | 100 |
| 035 | ਧਰਮ | 90 | – | 10 | 100 |
| 036 | ਸੰਗੀਤ (ਗਾਇਨ) | 60 | 30 | 10 | 100 |
| 037 | ਸੰਗੀਤ (ਵਾਦਨ) | 60 | 30 | 10 | 100 |
| 038 | ਸੰਗੀਤ (ਤਬਲਾ) | 60 | 30 | 10 | 100 |
| 042 | ਭੂਗੋਲ | 70 | 20 | 10 | 100 |
| 045 | ਗ੍ਰਿਹ ਵਿਗਿਆਨ | 60 | 30 | 10 | 100 |
| 049 | ਸਰੀਰਕ ਸਿੱਖਿਆ ਅਤੇ ਖੇਡਾਂ | 40 | 50 | 10 | 100 |
| 065 | ਖੇਤੀ-ਬਾੜੀ | 70 | 20 | 10 | 100 |
| 072 | ਕੰਪਿਊਟਰ ਐਪਲੀਕੇਸ਼ਨ | 60 | 30 | 10 | 100 |
| 150 | ਮੀਡੀਆ ਸਟਡੀਜ਼ | 70 | 20 | 10 | 100 |
| **ਕਾਮਰਸ ਗਰੁੱਪ (303) ਲਈ ਹੇਠ ਲਿਖੇ ਚਾਰ ਵਿਸ਼ੇ ਚੁਣੋ** | | | | | |
| 141 | ਬਿਜ਼ਨਸ ਸਟਡੀਜ਼-II | 65 | – | 10 | 75 |
| 142 | ਅਕਾਊਂਟੈਂਸੀ-II | 50 | – | 10 | 75 |
| 143 | ਬਿਜ਼. ਇੱਕਨ. ਐਂਡ ਕੁਆਂਟੀ. ਮੈਥਡਜ਼ | 65 | – | 10 | 75 |
| 144 | ਫੰਡਾਮੈਂਟਲ ਆਫ ਈ-ਬਿਜ਼ਨਸ | 50 | – | 10 | 75 |
| **ਸਾਇੰਸ ਗਰੁੱਪ (302) ਵਿੱਚੋਂ ਕੋਈ ਤਿੰਨ ਵਿਸ਼ੇ (ਸਿਰਫ +2 ਸਾਇੰਸ ਵਿੱਚ ਫੇਲ੍ਹ ਵਿਦਿਆਰਥੀਆਂ ਲਈ)** | | | | | |
| 52 | ਭੌਤਿਕ ਵਿਗਿਆਨ | 70 | 20 | 10 | 100 |
| 53 | ਰਸਾਇਣ ਵਿਗਿਆਨ | 70 | 20 | 10 | 100 |
| 54 | ਜੀਵ ਵਿਗਿਆਨ | 70 | 20 | 10 | 100 |
| 28 | ਗਣਿਤ | 90 | – | 10 | 100 |
| **ਮਿਸ਼ਰਿਤ ਗਰੁੱਪ (306) ਕੋਈ ਤਿੰਨ ਵਿਸ਼ੇ** | | | | | |
| ਇਸ ਗਰੁੱਪ ਅਧੀਨ ਵਿਦਿਆਰਥੀ ਹਿਊਮੈਨਿਟੀਜ਼ ਗਰੁੱਪ (301) ਵਿੱਚੋਂ ਦੋ ਅਤੇ ਸਾਇੰਸ (302) ਗਰੁੱਪ ਵਿੱਚੋਂ ਇੱਕ ਵਿਸ਼ਾ ਚੁਣ ਸਕਦਾ ਹੈ। | | | | | |

**ਨੋਟ:** 1. ਸੀਨੀਅਰ ਸੈਕੰਡਰੀ ਪੱਧਰ ਤੇ ਸਾਇੰਸ ਵਿਸ਼ੇ ਕੇਵਲ ਸਾਇੰਸ ਗਰੁੱਪ ਵਿੱਚੋਂ ਫੇਲ੍ਹ ਹੋਏ ਵਿਦਿਆਰਥੀ ਹੀ ਲੈ ਸਕਦੇ ਹਨ।

2. ਸੀਨੀਅਰ ਸੈਕੰਡਰੀ ਪੱਧਰ ਤੇ ਗਣਿਤ ਵਿਸ਼ਾ ਲੈਣ ਲਈ ਵਿਦਿਆਰਥੀ ਨੂੰ ਮੈਟ੍ਰਿਕੁਲੇਸ਼ਨ ਪੱਧਰ ਤੇ ਗਣਿਤ ਵਿਸ਼ਾ ਪਾਸ ਕਰਨਾ ਲਾਜ਼ਮੀ ਹੋਵੇਗਾ।

3. ਮਿਸ਼ਰਿਤ ਗਰੁੱਪ ਦੇ ਵਿਸ਼ੇ ਲੈਣ ਦੀ ਸੁਵਿਧਾ ਕੇਵਲ ਸਾਇੰਸ ਗਰੁੱਪ ਨਾਲ ਐਫੀਲਿਏਟਿਡ ਅਤੇ ਓਪਨ ਸਕੂਲ ਲਈ ਐਕਰੀਡਿਟਿਡ ਸਕੂਲਾਂ ਵਿੱਚ ਹੀ ਉਪਲਬਧ ਹੋਵੇਗੀ।

4. ਵਿਸ਼ਿਆਂ ਲਈ ਅੰਕ ਵੰਡ ਰੈਗੂਲਰ ਵਿਦਿਆਰਥੀਆਂ ਵਾਲੀ ਹੀ ਹੋਵੇਗੀ ਪਰ ਓਪਨ ਸਕੂਲ ਦੇ ਪ੍ਰੀਖਿਆਰਥੀਆਂ ਨੂੰ ਸੀ.ਸੀ.ਈ. ਅਧੀਨ ਵੱਖਰੇ ਤੌਰ ਤੇ ਅੰਕ ਨਹੀਂ ਦਿੱਤੇ ਜਾਣਗੇ ਸਗੋਂ ਵਿਦਿਆਰਥੀਆਂ ਵੱਲੋਂ ਵਿਸ਼ਾਵਾਰ ਪ੍ਰਾਪਤ ਅੰਕਾਂ ਨੂੰ, ਰੈਗੂਲਰ ਵਿਦਿਆਰਥੀਆਂ ਦੇ ਸੀ.ਸੀ.ਈ ਲਈ ਨਿਰਧਾਰਤ ਅੰਕਾਂ ਦੇ ਅਨੁਪਾਤ ਵਿੱਚ ਵਧਾ ਕੇ ਪ੍ਰਾਪਤ ਅੰਕ ਦਰਸਾਏ ਜਾਣਗੇ।

5. ਓਪਨ ਸਕੂਲ ਵਿਦਿਆਰਥੀਆਂ ਨੂੰ ਰੈਗੂਲਰ ਵਿਦਿਆਰਥੀਆਂ ਲਈ ਲਾਗੂ ਦੋ ਲਾਜ਼ਮੀ ਵਿਸ਼ਿਆਂ (ਵਾਤਾਵਰਣ ਸਿੱਖਿਆ ਅਤੇ ਕੰਪਿਊਟਰ ਸਾਇੰਸ) ਤੋਂ ਛੋਟ ਦਿੱਤੀ ਗਈ ਹੈ ਲੇਕਿਨ ਇਹਨਾਂ ਨੂੰ ਵਾਧੂ ਵਿਸ਼ੇ ਵਜੋਂ ਲੈ ਸਕਣ ਦਾ ਉਪਬੰਧ ਹੈ।

6. **ਵਿਸ਼ਿਆਂ ਦੀ ਚੋਣ ਭਵਿੱਖ ਜਾਂ ਉਚੇਰੀ ਵਿੱਦਿਆ ਦੀ ਲੋੜ ਨੂੰ ਮੁੱਖ ਰੱਖ ਕੇ ਕੀਤੀ ਜਾਵੇ। ਬੇਸ਼ਕ ਪੰਜਾਬ ਓਪਨ ਸਕੂਲ ਪ੍ਰਣਾਲੀ ਅਧੀਨ ਸੀਨੀਅਰ ਸੈਕੰਡਰੀ ਦਾ ਸਰਟੀਫ਼ਿਕੇਟ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰੈਗੂਲਰ ਵਿਦਿਆਰਥੀਆਂ ਨੂੰ ਜਾਰੀ ਸਰਟੀਫ਼ਿਕੇਟ ਦੇ ਬਿਲਕੁਲ ਬਰਾਬਰ ਹੈ ਅਤੇ ਉਚੇਰੀ ਵਿੱਦਿਆ ਲਈ ਦਾਖਲੇ ਦੇ ਯੋਗ ਹੈ ਪਰ ਜੇਕਰ ਕਿਸੇ ਤਕਨੀਕੀ ਜਾਂ ਵਿਸ਼ੇਸ਼ ਕਿੱਤੇ ਦੇ ਕੋਰਸਾਂ ਲਈ ਗਿਆਰਵੀਂ ਅਤੇ ਬਾਰ੍ਹਵੀਂ ਵਿੱਚ ਰੈਗੂਲਰ ਪੜ੍ਹਾਈ ਦੀ ਸ਼ਰਤ ਹੋਵੇ ਤਾਂ ਉਸ ਨੂੰ ਦਾਖਲਾ ਲੈਣ ਤੋਂ ਪਹਿਲਾਂ ਧਿਆਨ ਵਿੱਚ ਰੱਖਿਆ ਜਾਵੇ।**

7. ਤਾਜ਼ਾ ਸਥਿਤੀ ਅਤੇ ਪਾਠ-ਕ੍ਰਮ ਵੇਖਣ ਲਈ ਬੋਰਡ ਦੀ ਵੈਬ-ਸਾਈਟ www.pseb.ac.in ਵੇਖੀ ਜਾਵੇ।

8. **ਨਿਯਮਾਂ ਸਬੰਧੀ ਕਿਸੇ ਵੀ ਤਬਦੀਲੀ ਜਾਂ ਨਵੀਂ ਜਾਣਕਾਰੀ ਲਈ ਆਪਣੀ E-mail ਅਤੇ ਬੋਰਡ ਦੀ ਵੈੱਬਸਾਈਟ ਸਮੇਂ-ਸਮੇਂ ਤੇ ਚੈੱਕ ਕਰਦੇ ਰਹਿਣਾ ਚਾਹੀਦਾ ਹੈ ਅਤੇ ਅਧਿਐਨ ਕੇਂਦਰ ਨਾਲ ਲਗਾਤਾਰ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ। ਕਿਸੇ ਵੀ ਨਵੀਂ ਸੂਚਨਾ ਲਈ ਪੱਤਰ-ਵਿਹਾਰ ਨਹੀਂ ਕੀਤਾ ਜਾਵੇਗਾ।**

## 10. ਵਾਧੂ ਵਿਸ਼ੇ

ਪੜ੍ਹਾਈ ਸਕੀਮ ਵਿੱਚ ਦਰਜ ਨਿਯਮਾਂ ਅਨੁਸਾਰ ਚੁਣੇ ਗਏ ਵਿਸ਼ਿਆਂ ਤੋਂ ਇਲਾਵਾ ਵਿਦਿਆਰਥੀ ਇਸ ਪੜ੍ਹਾਈ ਸਕੀਮ ਵਿੱਚ ਦਰਸਾਏ ਗਏ ਵਿਸ਼ਿਆਂ ਵਿੱਚ ਵੱਧ ਤੋਂ ਵੱਧ ਦੋ ਵਿਸ਼ੇ ਬਤੌਰ 'ਵਾਧੂ ਵਿਸ਼ਾ' ਲੈ ਸਕਦਾ ਹੈ। ਇਹਨਾਂ ਵਾਧੂ ਵਿਸ਼ਿਆਂ ਦੇ ਅੰਕ ਸਰਟੀਫ਼ਿਕੇਟ ਵਿੱਚ ਤਾਂ ਦਰਸਾਏ ਜਾਣਗੇ ਪਰ ਇਹਨਾਂ ਵਿਚਲੀ ਪ੍ਰਾਪਤੀ ਦਾ ਪਾਸ ਫ਼ਾਰਮੂਲੇ ਜਾਂ ਰੀਅਪੀਅਰ ਤੇ ਕੋਈ ਪ੍ਰਭਾਵ ਨਹੀਂ ਪਵੇਗਾ।

**ਨੋਟ: 1. ਕੰਪਿਊਟਰ ਸਾਇੰਸ (145) ਅਤੇ ਵਾਤਾਵਰਨ ਸਿੱਖਿਆ (139) ਦੇ ਵਿਸ਼ੇ ਵੀ ਵਿਦਿਆਰਥੀ ਵੱਲੋਂ ਵਾਧੂ ਵਿਸ਼ੇ ਵਜੋਂ ਲਏ ਜਾ ਸਕਦੇ ਹਨ। ਵਾਧੂ ਵਿਸ਼ਿਆਂ ਦਾ ਨਤੀਜਾ ਗਰੇਡ ਅਤੇ ਅੰਕ ਦੋਹਾਂ ਵਿੱਚ ਦਰਸਾਇਆ ਜਾਵੇਗਾ।**

**2. ਨੇਤਰਹੀਣ ਅਤੇ ਲਿਖਣ ਤੋਂ ਨਕਾਰਾ ਹੋਏ ਉਮੀਦਵਾਰਾਂ ਲਈ ਲਿਖਾਰੀ/ਪਾਠਕ/ਲੈਬੋਰਟਰੀ ਸਹਾਇਕ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਅਰਜ਼ੀ ਸਾਦੇ ਕਾਗਜ਼ ਤੇ ਸਬੰਧਤ ਜ਼ਿਲ੍ਹੇ ਦੇ ਮੁੱਖ**

**ਮੈਡੀਕਲ ਅਫ਼ਸਰ ਕੋਲੋਂ ਡਾਕਟਰੀ ਸਰਟੀਫ਼ਿਕੇਟ ਸਰਟੀਫਾਈ ਕਰਾ ਕੇ ਆਪਣੇ ਦਾਖਲਾ ਤੇ ਪਰੀਖਿਆ ਫ਼ਾਰਮ ਨਾਲ ਭੇਜਣ।**

## 11. ਕਰੈਡਿਟ ਕੈਰੀ ਸੁਵਿਧਾ

ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬ ਰਾਜ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ (NIOS) ਦਾ ਵਿਦਿਆਰਥੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਕਰੈਡਿਟ ਕੈਰੀ (ਪਹਿਲਾਂ ਪਾਸ ਕੀਤੇ ਵਿਸ਼ਿਆਂ ਦਾ ਲਾਭ) ਦੀ ਸੁਵਿਧਾ ਲੈ ਸਕਦਾ ਹੈ:-

11.1 ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਫੇਲ੍ਹ ਹੋ ਚੁੱਕਾ ਹੋਵੇ ਜਾਂ ਉਸ ਵਿੱਚ ਪ੍ਰਾਪਤ ਕੰਪਾਰਟਮੈਂਟ/ਰੀਅਪੀਅਰ ਦੇ ਸਾਰੇ ਮੌਕੇ ਸਮਾਪਤ ਕਰ ਚੁੱਕਾ ਹੋਵੇ।
ਇਹ ਸ਼ਰਤ ਪੰਜਾਬ ਰਾਜ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਦੇ ਅਧਿਐਨ ਕੇਂਦਰ ਦੇ ਵਿਦਿਆਰਥੀ ਤੇ ਵੀ ਇੰਨ-ਬਿੰਨ ਲਾਗੂ ਹੈ।

11.2 ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਐਨ.ਆਈ.ਓ.ਐਸ. ਦੇ ਪੰਜਾਬ ਰਾਜ ਅੰਦਰ ਸਥਿਤ ਅਧਿਐਨ ਕੇਦਰਾਂ ਦੇ ਫੇਲ੍ਹ ਵਿਦਿਆਰਥੀ ਪਾਸ ਕਰ ਚੁੱਕੇ ਵਿਸ਼ਿਆਂ ਵਿੱਚੋਂ ਵੱਧ ਤੋਂ ਵੱਧ ਦੋ ਵਿਸ਼ਿਆਂ ਵਿੱਚ ਕਰੈਡਿਟ ਕੈਰੀ ਲੈ ਸਕਦੇ ਹਨ। ਇਹ ਲਾਭ ਦਾਖ਼ਲੇ ਵਾਲੇ ਸ਼ੈਸ਼ਨ ਤੋਂ ਪਿਛਲੇ ਪੰਜ ਅਕਾਦਮਿਕ ਸਾਲਾਂ ਵਿੱਚ ਬੋਰਡ ਦੁਆਰਾ ਆਯੋਜਿਤ ਪਰੀਖਿਆਵਾਂ ਲਈ ਹੀ ਦਿੱਤਾ ਜਾਵੇਗਾ ਭਾਵ ਸ਼ੈਸ਼ਨ 2018-19 ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਅਕਾਦਮਿਕ ਸਾਲ 2013-14 ਲਈ ਲਈਆਂ ਪਰੀਖਿਆਵਾਂ ਅਤੇ ਉਸ ਤੋਂ ਬਾਅਦ ਵਾਲੀਆਂ ਪਰੀਖਿਆਵਾਂ ਲਈ ਹੀ ਲਾਭ ਲੈ ਸਕਣਗੇ। ਓਪਨ ਸਕੂਲ ਪ੍ਰਣਾਲੀ ਰਾਹੀਂ ਛੇ ਮੌਕੇ ਲੈ ਕੇ ਬਾਰ੍ਹਵੀਂ ਵਿੱਚ ਫੇਲ੍ਹ ਵਿਦਿਆਰਥੀ ਨੂੰ ਦੁਬਾਰਾ ਨਵਾਂ ਦਾਖਲਾ ਲੈਣ ਸਮੇਂ ਕਰੈਡਿਟ ਕੈਰੀ ਦਾ ਲਾਭ ਨਹੀਂ ਦਿੱਤਾ ਜਾਵੇਗਾ।

11.3 ਉਹਨਾਂ ਵਿਸ਼ਿਆਂ ਲਈ ਹੀ ਕਰੈਡਿਟ ਕੈਰੀ ਦਾ ਲਾਭ ਦਿੱਤਾ ਜਾਵੇਗਾ ਜਿਹੜੇ ਵਿਸ਼ੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ 'ਪੰਜਾਬ ਓਪਨ ਸਕੂਲ' ਸਿੱਖਿਆ ਪ੍ਰਣਾਲੀ ਦੁਆਰਾ ਲਾਗੂ ਸਕੀਮ ਆਫ ਸਟਡੀਜ਼ ਵਿੱਚ ਦਰਜ ਹੋਣਗੇ ਅਤੇ ਜਿਹੜੇ ਵਿਸ਼ਿਆਂ ਦੀ ਪਰੀਖਿਆ ਬੋਰਡ ਵੱਲੋਂ ਲਈ ਗਈ ਹੋਵੇ ਅਤੇ ਪਾਸ ਵੀ ਕੀਤੀ ਹੋਵੇ, ਉਸ ਵਿਸ਼ੇ ਦਾ ਨਤੀਜਾ ਅੰਕਾਂ ਵਿੱਚ ਘੋਸ਼ਿਤ ਹੋਇਆ ਹੋਵੇ।

11.4 ਕਰੈਡਿਟ ਕੈਰੀ ਕਰਨ ਵਾਲੇ ਵਿਸ਼ਿਆਂ ਦੀ ਚੋਣ ਵਿਦਿਆਰਥੀ ਦੁਆਰਾ ਹੀ ਕੀਤੀ ਜਾਵੇਗੀ।

11.5 ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ ਦੇ ਵਿਦਿਆਰਥੀ ਨੂੰ ਲਾਜ਼ਮੀ ਵਿਸ਼ਿਆਂ ਵਿੱਚ ਕਰੈਡਿਟ ਕੈਰੀ ਦਾ ਲਾਭ ਨਹੀਂ ਦਿੱਤਾ ਜਾਵੇਗਾ। ਇਹ ਵਿਸ਼ੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕਰਨੇ ਲਾਜ਼ਮੀ ਹੋਣਗੇ ਪਰੰਤੂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਦਿਆਰਥੀਆਂ ਨੂੰ ਇਹ ਲਾਭ ਵੀ ਪ੍ਰਾਪਤ ਹੋਵੇਗਾ।

11.6 ਕਰੈਡਿਟ ਕੈਰੀ ਲਈ ਜੇਕਰ ਪਹਿਲਾਂ ਪਾਸ ਕੀਤੇ ਵਿਸ਼ਿਆਂ ਦੇ ਅੰਕ ਸਮੈਸਟਰ ਪ੍ਰਣਾਲੀ ਅਧੀਨ ਪ੍ਰਾਪਤ ਕੀਤੇ ਹਨ ਤਾਂ ਦੋਵੇਂ ਸਮੈਸਟਰਾਂ ਲਈ ਪ੍ਰਾਪਤ ਕੀਤੇ ਕੁਲ ਅੰਕਾਂ ਨੂੰ ਸਾਲਾਨਾ ਪਰੀਖਿਆ ਦੇ ਅੰਕਾਂ ਅਨੁਸਾਰ ਅਨੁਪਾਤ ਵਿੱਚ ਤਬਦੀਲ ਕਰਕੇ ਦਰਸਾਇਆ ਜਾਵੇਗਾ। ਇਸੇ ਤਰ੍ਹਾਂ ਜੇਕਰ ਪੁਰਾਣੇ ਸਾਲਾਂ ਦੇ ਸਾਲਾਨਾ ਪਰੀਖਿਆ ਵਾਲੇ ਵਿਦਿਆਰਥੀਆਂ ਨੂੰ ਕਰੈਡਿਟ ਕੈਰੀ ਲੈਣ ਵਾਲੇ ਵਿਸ਼ਿਆਂ ਦੀ ਅੰਕ ਵੰਡ ਵਿੱਚ ਕੋਈ ਫਰਕ ਹੋਵੇ ਤਾਂ ਉਸ ਨੂੰ ਮੌਜੂਦਾ ਅੰਕ ਅਨੁਸਾਰ ਅਨੁਪਾਤ ਵਿੱਚ ਵਧਾ/ਘਟਾ ਕੇ ਦਰਸਾਇਆ ਜਾਵੇਗਾ।

ਜੇਕਰ ਇਸ ਵੰਡ ਵਿੱਚ ਅੰਕ ਪੂਰੇ ਨਹੀਂ ਵੰਡੇ ਜਾਂਦੇ ਤਾਂ ਉਹਨਾਂ ਨੂੰ ਰਾਊਡਿੰਗ ਕਰਕੇ ਪੂਰੇ ਨੰਬਰ ਲਗਾਏ ਜਾਣਗੇ। ਪਰ ਰਾਊਡਿੰਗ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇਗਾ ਕਿ ਅੰਕਾਂ ਦਾ ਜੋੜ ਪਹਿਲਾਂ ਪ੍ਰਾਪਤ ਕੀਤੇ ਅੰਕਾਂ ਦੇ ਬਰਾਬਰ ਹੀ ਰਹੇ।

## 12. ਸਿੱਖਿਆ ਵਿਧੀ

12.1 **ਪਾਠ-ਕ੍ਰਮ:** ਓਪਨ ਸਕੂਲ ਦੀ ਪੜ੍ਹਾਈ ਸਕੀਮ ਅਧੀਨ ਵੱਖ-ਵੱਖ ਵਿਸ਼ਿਆਂ ਲਈ ਉਹੀ ਪਾਠ-ਕ੍ਰਮ ਲਾਗੂ ਹੋਵੇਗਾ ਜੋ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰੈਗੂਲਰ ਵਿਦਿਆਰਥੀਆਂ ਲਈ ਲਾਗੂ ਹੈ। ਸਮੇਂ-ਸਮੇਂ ਬੋਰਡ ਦੁਆਰਾ ਇਸ ਵਿੱਚ ਕੀਤੀ ਤਬਦੀਲੀ ਓਪਨ ਸਕੂਲ ਦੀ ਸੀਨੀਅਰ ਸੈਕੰਡਰੀ ਪਰੀਖਿਆ ਲਈ ਵੀ ਲਾਗੂ ਹੋਵੇਗੀ। **ਇਹ ਪਾਠ-ਕ੍ਰਮ ਬੋਰਡ ਦੀ ਵੈੱਬਸਾਈਟ ਤੇ ਉਪਲਬਧ ਹੋਵੇਗਾ।**

12.2 **ਪਾਠ ਸਮੱਗਰੀ:** ਵਿਦਿਆਰਥੀਆਂ ਨੂੰ ਅਗਵਾਈ ਦੇਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਵਿਸ਼ਾ ਵਾਰ ਪ੍ਰਕਾਸ਼ਿਤ ਪਾਠ-ਸਮੱਗਰੀ ਵਜੋਂ ਪਾਠ-ਪੁਸਤਕਾਂ ਦਿੱਤੀਆਂ ਜਾਣਗੀਆ, ਜੋ ਵਿਦਿਆਰਥੀ ਆਪਣੇ ਅਧਿਐਨ ਕੇਂਦਰ ਤੋਂ ਆਪ ਜਾ ਕੇ ਪ੍ਰਾਪਤ ਕਰੇਗਾ। ਬੋਰਡ ਵੱਲੋਂ ਵਿਦਿਆਰਥੀ ਨੂੰ ਡਾਕ ਰਾਹੀਂ ਸਿੱਧੀ ਪਾਠ-ਸਮੱਗਰੀ ਭਾਵ ਪਾਠ ਪੁਸਤਕਾਂ ਨਹੀਂ ਭੇਜੀਆਂ ਜਾਣਗੀਆਂ।

12.3 **ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.) :** ਵਿਦਿਆਰਥੀ ਨੂੰ ਅਗਵਾਈ ਦੇਣ ਹਿੱਤ ਅਤੇ ਵਿਦਿਅਕ ਔਕੜਾਂ ਦੂਰ ਕਰਨ ਲਈ ਦਾਖ਼ਲੇ ਵਾਲੇ ਸਾਲ ਵਿੱਚ 30 ਦਿਨਾਂ ਦੇ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ) ਲਗਾਏ ਜਾਣਗੇ। **ਪਹਿਲਾ 12 ਦਿਨਾਂ ਲਈ ਅਕਤੂਬਰ ਤੋਂ ਨਵੰਬਰ ਮਹੀਨੇ ਵਿੱਚ ਅਤੇ ਦੂਜਾ 18 ਦਿਨਾਂ ਲਈ ਦਸੰਬਰ-ਜਨਵਰੀ ਮਹੀਨੇ ਸਕੂਲ ਸਮੇਂ ਤੋਂ ਬਾਅਦ ਜਾਂ ਐਤਵਾਰ ਜਾਂ ਛੁੱਟੀਆਂ ਵਾਲੇ ਦਿਨ ਲਗਾਏ ਜਾਣਗੇ**। ਮਿਤੀਆਂ, ਸਮਾਂ ਅਤੇ ਟਾਈਮ ਟੇਬਲ ਸਬੰਧੀ ਜਾਣਕਾਰੀ ਅਧਿਐਨ ਕੇਂਦਰ ਦੁਆਰਾ ਵਿਦਿਆਰਥੀ ਨੂੰ ਦਿੱਤੀ ਜਾਵੇਗੀ। ਇਸ ਦੀ ਅਗੇਤੀ ਸੂਚਨਾ ਬੋਰਡ ਨੂੰ ਭੇਜੀ ਜਾਵੇਗੀ ਅਤੇ ਵਿਦਿਆਰਥੀਆਂ ਨੂੰ ਵੀ ਸੂਚਿਤ ਕੀਤਾ ਜਾਵੇਗਾ। ਉਪਰੋਕਤ ਸਬੰਧੀ ਵਿਦਿਆਰਥੀ ਅਧਿਐਨ ਕੇਂਦਰ ਤੋਂ ਸੇਵਾ ਦੀ ਮੰਗ ਕਰ ਸਕਦਾ ਹੈ। ਇਸ ਦੌਰਾਨ ਹੇਠ ਲਿਖੇ ਅਨੁਸਾਰ ਪ੍ਰਮੁੱਖ ਕਾਰਜ ਕੀਤੇ ਜਾਣਗੇ :-

(ੳ) ਓਪਨ ਸਕੂਲ ਸਿੱਖਿਆ ਪ੍ਰਣਾਲੀ ਸੰਬੰਧੀ ਅਗਵਾਈ।

(ਅ) ਪਾਠ-ਪੁਸਤਕਾਂ ਦੀ ਵੰਡ।

(ੲ) ਵਿਦਿਆਰਥੀਆਂ ਦੇ ਵਿੱਦਿਅਕ ਵਿਕਾਸ ਵਿੱਚ ਰਹਿ ਗਈਆਂ ਘਾਟਾਂ ਸੰਬੰਧੀ ਜਾਣਕਾਰੀ ਦੇਣੀ।

(ਸ) ਵੱਖ-ਵੱਖ ਵਿਸ਼ਿਆਂ ਦੇ ਲਿਖਤੀ ਪਾਠ-ਕ੍ਰਮ ਅਨੁਸਾਰ ਅਗਵਾਈ।

(ਹ) ਵੱਖ-ਵੱਖ ਵਿਸ਼ਿਆਂ ਦੇ ਪ੍ਰਯੋਗੀ ਪਾਠ-ਕ੍ਰਮ ਲਈ ਅਧਿਐਨ ਕੇਂਦਰ ਦੀ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਕਰਨਾ ਅਤੇ ਉਹਨਾਂ ਸੰਬੰਧੀ ਰਿਕਾਰਡ, ਪ੍ਰਯੋਗੀ ਕਾਪੀ ਦੀ ਤਿਆਰੀ ਆਦਿ।

(ਕ) ਵਿਦਿਆਰਥੀਆਂ ਦੇ ਅਕਾਦਮਿਕ ਅਤੇ ਸਹਿ-ਅਕਾਦਮਿਕ ਵਿਕਾਸ ਹਿੱਤ ਵੱਖ-ਵੱਖ ਕਿਰਿਆਵਾਂ ਦਾ ਆਯੋਜਨ।

(ਖ) ਨਿਰਧਾਰਿਤ ਸਮੇਂ ਦੌਰਾਨ ਵਿਦਿਆਰਥੀਆਂ ਦੀ ਪ੍ਰੀਖਿਆ ਫ਼ੀਸ ਬੋਰਡ ਵਿਖੇ ਨਿਰਧਾਰਿਤ ਵਿਧੀ ਅਨੁਸਾਰ ਜਮ੍ਹਾਂ ਕਰਵਾਉਣੀ।

(ਗ) ਮੁਲਾਂਕਣ-ਪੱਤਰ ਦਾ ਵਿਸ਼ਲੇਸ਼ਣ ਅਤੇ ਉਸ ਦੇ ਆਧਾਰ ਤੇ ਵਿਦਿਆਰਥੀਆਂ ਨੂੰ ਅਗਵਾਈ ਦੇਣਾ।

(ਘ) ਬੋਰਡ ਦੀ ਪਰੀਖਿਆ ਤੋਂ ਪਹਿਲਾਂ ਸੰਪੂਰਨ ਪਾਠ-ਕ੍ਰਮ ਉੱਤੇ ਅਧਾਰਿਤ ਅੰਦਰੂਨੀ ਟੈਸਟ ਅਤੇ ਟੈਸਟ ਵਿੱਚ ਪ੍ਰਾਪਤੀ ਦੇ ਆਧਾਰ ਤੇ ਅਗਵਾਈ ਦੇਣਾ।

(ਙ) ਪਰੀਖਿਆ ਵਿੱਚ ਸਫਲਤਾ ਲਈ ਸੁਝਾਅ।

12.4 **ਅੰਦਰੂਨੀ ਟੈਸਟ:** ਵਿਦਿਆਰਥੀਆਂ ਦੀ ਪਰੀਖਿਆ ਪ੍ਰਤੀ ਪਰਿਪੱਕਤਾ ਅਤੇ ਸਵੈ-ਮੁਲਾਂਕਣ ਹਿੱਤ ਅਧਿਐਨ ਕੇਂਦਰ ਵੱਲੋਂ ਵਿਅਕਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਦੋ ਅੰਦਰੂਨੀ ਟੈਸਟ ਹੇਠ ਅਨੁਸਾਰ ਆਯੋਜਿਤ ਕੀਤੇ ਜਾਣਗੇ:-

**ਪਹਿਲਾ ਟੈਸਟ ਨਵੰਬਰ ਅਤੇ ਦੂਜਾ ਟੈਸਟ ਜਨਵਰੀ ਦੇ ਮਹੀਨੇ।**

12.5 **ਹਾਜ਼ਰੀਆਂ:** ਵਿਅਕਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਪ੍ਰਯੋਗੀ ਵਿਸ਼ਿਆਂ ਵਿੱਚ 75% ਅਤੇ ਲਿਖਤੀ ਵਿਸ਼ਿਆਂ ਵਿੱਚ 50% ਹਾਜ਼ਰੀਆਂ ਲਾਜ਼ਮੀ ਹਨ। ਹਾਜ਼ਰੀ ਘੱਟ ਹੋਣ ਦੀ ਸੂਰਤ ਵਿੱਚ ਵਿਦਿਆਰਥੀਆਂ ਦਾ ਉਮੀਦਵਾਰੀ ਹੱਕ ਰੱਦ ਕੀਤਾ ਜਾ ਸਕਦਾ ਹੈ। ਵਿਸ਼ੇਸ਼ ਹਾਲਤਾਂ ਵਿੱਚ ਵਿਚ ਹਾਜ਼ਰੀਆਂ ਸੰਬੰਧੀ ਛੋਟ ਲੈਣ ਹਿੱਤ ਅਗੇਤੀ ਪ੍ਰਵਾਨਗੀ ਲਈ ਵਿਦਿਆਰਥੀ ਆਪਣੀ ਪ੍ਰਤੀ ਬੇਨਤੀ ਅਧਿਐਨ ਕੇਂਦਰ ਰਾਹੀਂ ਉਪ ਡਾਇਰੈਕਟਰ, ਓਪਨ ਸਕੂਲ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜ ਸਕਦਾ ਹੈ।

12.6 **ਲਾਇਬ੍ਰੇਰੀ ਅਤੇ ਪ੍ਰਯੋਗਸ਼ਾਲਾ:** ਵਿਦਿਆਰਥੀ ਆਪਣੇ ਅਧਿਐਨ ਕੇਂਦਰ ਦੀ ਲਾਇਬ੍ਰੇਰੀ ਅਤੇ ਪ੍ਰਯੋਗਸ਼ਾਲਾ ਦੀ ਲੋੜ ਅਨੁਸਾਰ ਵਰਤੋਂ ਕਰ ਸਕਦਾ ਹੈ।

12.7 **ਇਲੈਕਟ੍ਰਾਨਿਕ ਮਾਧਿਅਮ ਰਾਹੀਂ ਅਗਵਾਈ:** ਬੋਰਡ ਦੁਆਰਾ ਵਿਦਿਆਰਥੀਆਂ ਨੂੰ ਸੂਚਨਾ ਅਤੇ ਅਗਵਾਈ ਹਿੱਤ ਅਖ਼ਬਾਰਾਂ, ਸੰਚਾਰ ਮਾਧਿਅਮਾਂ : ਰੇਡੀਓ, ਟੈਲੀਵਿਜ਼ਨ, ਐਜੂ ਸੈੱਟ, ਆਡੀਓ ਅਤੇ ਵੀਡੀਓ ਕੈਸੇਟਸ ਅਤੇ ਸੀ.ਡੀ. ਆਦਿ ਦੀ ਵਰਤੋਂ ਲਈ ਸੰਭਵ ਸੁਵਿਧਾ ਪ੍ਰਦਾਨ ਕਰਨ ਦੀ ਯੋਜਨਾ ਹੈ।

12.8 **ਸਹਿ ਅਕਾਦਮਿਕ ਵਿਕਾਸ:**ਓਪਨ ਸਕੂਲ ਦੇ ਵਿਦਿਆਰਥੀ ਚਲਦੇ ਅਕਾਦਮਿਕ ਵਰ੍ਹੇ ਦੌਰਾਨ ਆਪਣੇ ਅਧਿਐਨ ਕੇਂਦਰ ਰਾਹੀਂ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਸਕੂਲਾਂ ਦੇ ਵਿੱਦਿਅਕ ਅਤੇ ਮਾਨਸਿਕ ਵਿਕਾਸ ਹਿੱਤ ਆਯੋਜਿਤ ਸਹਿ-ਅਕਾਦਮਿਕ ਕਿਰਿਆਵਾਂ ਵਿੱਚ ਭਾਗ ਲੈ ਸਕਣਗੇ।

12.9 **ਰਾਜ ਪੱਧਰੀ ਖੇਡ ਮੁਕਾਬਲਿਆਂ ਵਿੱਚ ਪ੍ਰਤੀਨਿਧਤਾ:** ਓਪਨ ਸਕੂਲ ਦੇ ਵਿਦਿਆਰਥੀਆਂ ਨੂੰ ਰਾਜ ਵਿੱਚ ਸਿੱਖਿਆ ਵਿਭਾਗ ਦੁਆਰਾ ਆਯੋਜਿਤ ਖੇਡ ਮੁਕਾਬਲਿਆਂ ਵਿੱਚ ਪ੍ਰਤੀਨਿਧਤਾ ਦੇਣ ਹਿੱਤ ਯੋਜਨਾ ਉਲੀਕੀ ਜਾ ਰਹੀ ਹੈ।

## 13. ਪਰੀਖਿਆ ਨਿਯਮ :

13.1 **ਪਰੀਖਿਆ ਆਯੋਜਨ:** ਬੋਰਡ ਦੁਆਰਾ ਹਰ ਸੈਸ਼ਨ ਵਿੱਚ ਰੈਗੂਲਰ ਵਿਦਿਆਰਥੀਆਂ ਦੇ ਨਾਲ ਹੀ ਓਪਨ ਸਕੂਲ ਪ੍ਰਣਾਲੀ ਦੇ ਵਿਦਿਆਰਥੀਆਂ ਦੀ ਵੀ ਸਾਲਾਨਾ ਪਰੀਖਿਆ ਲਈ ਜਾਵੇਗੀ। ਸਾਲਾਨਾ ਪਰੀਖਿਆ ਮਾਰਚ-ਅਪਰੈਲ ਅਤੇ ਅਨੁਪੂਰਕ ਪਰੀਖਿਆ ਅਗਸਤ-ਸਤੰਬਰ ਵਿੱਚ ਆਯੋਜਿਤ ਕੀਤੀ ਜਾਵੇਗੀ।

13.2 **ਪਰੀਖਿਆ ਦਾ ਮਾਧਿਅਮ:** ਓਪਨ ਸਕੂਲ ਵਿੱਚ ਪੜ੍ਹਾਈ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ ਹੋਵੇਗਾ। ਪਰੀਖਿਆ ਦਾ ਮਾਧਿਅਮ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਜਿਵੇਂ ਕਿ ਪੰਜਾਬੀ/ਹਿੰਦੀ/ਅੰਗਰੇਜ਼ੀ ਕੋਈ ਵੀ ਰੱਖ ਸਕਦਾ ਹੈ। ਮਾਧਿਅਮ ਕੋਡ ਇਸ ਪ੍ਰਕਾਰ ਹਨ:-

**ਪੰਜਾਬੀ 201** **ਹਿੰਦੀ 202** **ਅੰਗਰੇਜ਼ੀ 203**

13.3 **ਪਰੀਖਿਆ ਮਿਤੀ ਅਤੇ ਸਮਾਂ:** ਬੋਰਡ ਦੁਆਰਾ ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਸਾਲਾਨਾ ਅਤੇ ਅਨੁਪੂਰਕ (ਰੀਅਪੀਅਰ) ਪਰੀਖਿਆ ਰੈਗੂਲਰ ਵਿਦਿਆਰਥੀਆਂ ਲਈ ਆਯੋਜਿਤ ਕੀਤੀ ਜਾਣ ਵਾਲੀ ਪਰੀਖਿਆ ਦੇ ਨਾਲ ਹੀ ਲਈ ਜਾਵੇਗੀ। ਇਹਨਾਂ ਪਰੀਖਿਆਵਾਂ ਲਈ ਡੇਟਸ਼ੀਟ ਬੋਰਡ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ।

13.4 **ਪਰੀਖਿਆ ਫ਼ੀਸ:** ਓਪਨ ਸਕੂਲ ਪ੍ਰਣਾਲੀ ਦੇ ਉਮੀਦਵਾਰਾਂ ਦੀ ਪਰੀਖਿਆ ਫ਼ੀਸ ਰੈਗੂਲਰ ਵਿਦਿਆਰਥੀ ਲਈ ਨਿਰਧਾਰਤ ਦਰਾਂ ਅਨੁਸਾਰ ਦਾਖਲਾ ਫੀਸ ਦੇ ਨਾਲ ਹੀ ਜਮ੍ਹਾਂ ਕੀਤੀ ਜਾਵੇਗੀ। ਇਸ ਬਾਰੇ ਸੰਬੰਧਤ ਅਧਿਐਨ ਕੇਂਦਰ ਪਾਸੋਂ ਸੂਚਨਾ ਪ੍ਰਾਪਤ ਕੀਤੀ ਜਾ ਸਕਦੀ ਹੈ। ਵਾਧੂ ਵਿਸ਼ਾ ਪਰੀਖਿਆ ਫ਼ੀਸ ਰੈਗੂਲਰ ਵਿਦਿਆਰਥੀ ਵਾਲੀ ਹੀ ਹੋਵੇਗੀ।

13.5 **ਪਰੀਖਿਆ ਲਈ ਯੋਗਤਾ :** ਬੋਰਡ ਦੀ ਸਾਲਾਨਾ ਪਰੀਖਿਆ ਦੇਣ ਲਈ ਹੇਠ ਲਿਖੇ ਅਨੁਸਾਰ ਯੋਗਤਾਵਾਂ ਪੂਰੀਆਂ ਕਰਨ ਵਾਲੇ ਵਿਦਿਆਰਥੀ ਯੋਗ ਹੋਣਗੇ:

(i) **ਦਾਖਲੇ ਲਈ ਨਿਰਧਾਰਤ ਸ਼ਰਤਾਂ ਪੂਰੀਆਂ ਹੋਣ ਦੇ ਸਬੂਤ ਵੱਜੋਂ ਲੋੜੀਂਦੇ ਦਸਤਾਵੇਜ਼ ਪੇਸ਼ ਕਰ ਦਿੱਤੇ ਹੋਣ।**

(ii) **ਨਿਯਮਾਂ ਅਨੁਸਾਰ ਬਣਦੀ ਦਾਖ਼ਲਾ, ਪਰੀਖਿਆ, ਰਜਿਸਟ੍ਰੇਸ਼ਨ ਆਦਿ ਫ਼ੀਸਾਂ ਜਮ੍ਹਾਂ ਕਰਵਾ ਦਿੱਤੀਆਂ ਹੋਣ।**

(iii) **ਅਧਿਐਨ ਕੇਂਦਰ ਦੁਆਰਾ ਆਯੋਜਿਤ ਵਿਅਕਤੀਗਤ ਸੰਪਰਕ ਪ੍ਰੋਗਰਾਮਾਂ ਵਿੱਚ ਨਿਯਮਾਂ ਅਨੁਸਾਰ ਹਾਜ਼ਰੀਆਂ ਪੂਰੀਆਂ ਹੋਣ।**

ਉਪਰੋਕਤ ਵਿੱਚੋਂ ਕੋਈ ਇੱਕ ਵੀ ਸ਼ਰਤ ਪੂਰੀ ਨਾ ਕਰਨ ਵਾਲੇ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਉਸ ਦੀ ਪਰੀਖਿਆ ਸੰਬੰਧੀ ਪਾਤਰਤਾ ਵੀ ਰੱਦ ਕੀਤੀ ਜਾ ਸਕਦੀ ਹੈ।

## 14. ਪਾਸ ਫ਼ਾਰਮੂਲਾ :

ਪਰੀਖਿਆ ਪਾਸ ਕਰਨ ਲਈ ਓਪਨ ਸਕੂਲ ਦੇ ਪਰੀਖਿਆਰਥੀ ਨੂੰ ਪੰਜਾਬੀ ਤੇ ਅੰਗਰੇਜ਼ੀ ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਹਿਊਮੈਨਿਟੀਜ਼, ਸਾਇੰਸ ਅਤੇ ਮਿਸ਼ਰਤ ਗਰੁੱਪ ਵਿੱਚ ਚੁਣੇ ਗਏ ਤਿੰਨ ਅਤੇ ਕਾਮਰਸ ਗਰੁੱਪ ਵਿਚਲੇ ਚਾਰੇ ਵਿਸ਼ਿਆਂ ਵਿੱਚੋਂ ਪਾਸ ਹੋਣਾ ਲਾਜ਼ਮੀ ਹੋਵੇਗਾ। ਓਪਨ ਸਕੂਲ ਦੇ ਪਰੀਖਿਆਰਥੀਆਂ ਨੂੰ ਆਂਤਰਿਕ ਮੁਲਾਂਕਣ/ਸੀ.ਸੀ.ਈ. ਅਧੀਨ ਵੱਖਰੇ ਤੌਰ ਤੇ ਅੰਕ ਨਹੀਂ ਦਿੱਤੇ ਜਾਣਗੇ। ਇਹਨਾਂ ਪਰੀਖਿਆਰਥੀਆਂ ਵੱਲੋਂ ਲਿਖਤੀ ਪਰੀਖਿਆ ਵਿੱਚ ਪ੍ਰਾਪਤ ਅੰਕਾਂ ਨੂੰ ਰੈਗੂਲਰ ਵਿਦਿਆਰਥੀਆਂ ਲਈ ਵਿਸ਼ਾਵਾਰ ਸੀ.ਸੀ.ਈ. ਅਧੀਨ ਰੱਖੇ ਅੰਕਾਂ ਦੇ ਅਨੁਪਾਤ ਵਿੱਚ ਵਧਾ ਕੇ ਕੁਲ ਪ੍ਰਾਪਤ ਅੰਕ ਦਰਸਾਏ ਜਾਣਗੇ।

ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੇ ਅੰਕਾਂ ਦੇ ਨਾਲ ਗਰੇਡ ਵੀ ਦਰਸਾਏ ਜਾਣਗੇ ਜੋ ਹੇਠ ਲਿਖੇ ਅਨੁਸਾਰ ਹੋਣਗੇ:-

| ਲੜੀ ਨੰ: | ਅੰਕ | ਗਰੇਡ |
|---|---|---|
| 1 | 90% ਅਤੇ ਇਸ ਤੋਂ ਉਪਰ | ਓ ਗਰੇਡ (ਅਤਿ ਉੱਤਮ) |
| 2 | 75% ਅਤੇ ਇਸ ਤੋਂ ਉਪਰ ਪਰੰਤੂ 90% ਤੋਂ ਘੱਟ | ਏ ਗਰੇਡ (ਉੱਤਮ) |
| 3 | 60% ਅਤੇ ਇਸ ਤੋਂ ਉਪਰ ਪਰੰਤੂ 75% ਤੋਂ ਘੱਟ | ਬੀ ਗਰੇਡ (ਬਹੁਤ ਅੱਛਾ) |
| 4 | 45% ਅਤੇ ਇਸ ਤੋਂ ਉਪਰ ਪਰੰਤੂ 60% ਤੋਂ ਘੱਟ | ਸੀ ਗਰੇਡ (ਅੱਛਾ) |
| 5 | 33% ਅਤੇ ਇਸ ਤੋਂ ਉਪਰ ਪਰੰਤੂ 45% ਤੋਂ ਘੱਟ | ਡੀ ਗਰੇਡ (ਔਸਤ) |
| 6 | 33% ਤੋਂ ਘੱਟ | ਈ ਗਰੇਡ (ਅਸੰਤੋਸ਼ਜਨਕ) |

14.1 **ਪਾਸ ਅੰਕ:** ਕਿਸੇ ਵੀ ਵਿਸ਼ੇ ਵਿੱਚੋਂ ਪਾਸ ਹੋਣ ਲਈ ਘੱਟੋ-ਘੱਟ 33% ਅੰਕ ਪ੍ਰਾਪਤ ਕਰਨੇ ਜ਼ਰੂਰੀ ਹੋਣਗੇ। ਜਿਹੜੇ ਵਿਸ਼ੇ ਵਿੱਚ ਲਿਖਤੀ ਅਤੇ ਪ੍ਰਯੋਗੀ ਦੋਵੇਂ ਪੇਪਰ ਹੋਣਗੇ, ਉਹਨਾਂ ਵਿੱਚ ਪਾਸ ਹੋਣ ਲਈ ਵਿਦਿਆਰਥੀ ਨੂੰ ਲਿਖਤੀ ਅਤੇ ਪ੍ਰਯੋਗੀ ਦੋਵੇਂ ਪੇਪਰਾਂ ਵਿੱਚ ਵੱਖੋ-ਵੱਖਰੇ 33% ਅੰਕ ਪ੍ਰਾਪਤ ਕਰਨੇ ਪੈਣਗੇ।

14.2 **ਪਰੀਖਿਆ ਪਾਸ ਕਰਨ ਦੇ ਮੌਕੇ:** ਵਿਦਿਆਰਥੀ ਨੂੰ ਪਰੀਖਿਆ ਪਾਸ ਕਰਨ ਲਈ ਦਾਖਲੇ ਉਪਰੰਤ 7 ਮੌਕੇ ਦਿੱਤੇ ਜਾਣਗੇ। ਪਹਿਲਾ ਮੌਕਾ ਦਾਖਲੇ ਵਾਲੇ ਅਕਾਦਮਿਕ ਸਾਲ ਦੀ ਸਾਲਾਨਾ ਪਰੀਖਿਆ (ਮਾਰਚ) ਦੌਰਾਨ ਦਿੱਤਾ ਜਾਵੇਗਾ। ਇਸ ਮੌਕੇ ਵਿੱਚ ਪਰੀਖਿਆਰਥੀ ਨੂੰ ਕਰੈਡਿਟ ਕੈਰੀ ਕੀਤੇ ਗਏ ਵਿਸ਼ਿਆਂ ਤੋਂ ਇਲਾਵਾ ਚੁਣੇ ਗਏ ਵਿਸ਼ਿਆਂ ਵਿੱਚ ਘੱਟੋ-ਘੱਟ ਇੱਕ ਵਿਸ਼ਾ ਪਾਸ ਕਰਨਾ ਜ਼ਰੂਰੀ ਹੈ। ਓਪਨ ਸਕੂਲ ਸਕੀਮ ਅਧੀਨ ਦਾਖਲੇ ਉਪਰੰਤ ਜੇਕਰ ਵਿਦਿਆਰਥੀ ਪਹਿਲੇ ਮੌਕੇ ਵਿੱਚ ਇੱਕ ਵੀ ਵਿਸ਼ੇ ਦੀ ਪਰੀਖਿਆ ਪਾਸ ਨਹੀਂ ਕਰਦਾ ਤਾਂ ਉਸ ਦਾ ਨਤੀਜਾ ਫੇਲ੍ਹ ਘੋਸ਼ਿਤ ਕਰ ਦਿੱਤਾ ਜਾਵੇਗਾ। ਜੇਕਰ ਪਰੀਖਿਆਰਥੀ ਇੱਕ ਵੀ ਵਿਸ਼ਾ ਪਾਸ ਕਰ ਲੈਂਦਾ ਹੈ ਤਾਂ ਉਸ ਦਾ ਨਤੀਜਾ ਰੀਅਪੀਅਰ ਘੋਸ਼ਿਤ ਕੀਤਾ ਜਾਵੇਗਾ। ਉਸ ਨੂੰ ਰੀਅਪੀਅਰ ਵਾਲੇ ਵਿਸ਼ੇ ਪਾਸ ਕਰਨ ਲਈ ਆਉਣ ਵਾਲੇ ਤਿੰਨ ਸਾਲਾਂ ਵਿੱਚ 6 ਮੌਕੇ ਦਿੱਤੇ ਜਾਣਗੇ। ਜੇਕਰ ਉਹ ਬਾਕੀ ਰਹਿੰਦੇ 6 ਮੌਕਿਆਂ ਵਿਚ ਵੀ ਆਪਣੀ ਪਰੀਖਿਆ ਪਾਸ ਕਰਨੋਂ ਅਸਮਰਥ ਰਹਿੰਦਾ ਹੈ ਤਾਂ ਉਸ ਨੂੰ ਫੇਲ੍ਹ ਘੋਸ਼ਿਤ ਕਰ ਦਿੱਤਾ ਜਾਵੇਗਾ ਅਤੇ ਉਸ ਨੂੰ ਨਵੇਂ ਸਿਰਿਓਂ ਮੁੜ ਦਾਖਲਾ ਲੈਣਾ ਪਵੇਗਾ।

ਰੀਅਪੀਅਰ ਪਰੀਖਿਆਰਥੀ ਜੇਕਰ ਪਹਿਲਾਂ ਦਿੱਤੀ ਪ੍ਰਯੋਗੀ ਪਰੀਖਿਆ ਵਿੱਚ ਪਾਸ ਹੈ ਤਾਂ ਪ੍ਰਯੋਗੀ ਪਰੀਖਿਆ ਲਈ ਪਹਿਲਾਂ ਵਾਲੇ ਅੰਕ ਹੀ ਰੱਖੇ ਜਾਣਗੇ। ਅਜਿਹੇ ਪਰੀਖਿਆਰਥੀ ਜੇਕਰ ਮੁੜ ਪ੍ਰਯੋਗੀ ਪਰੀਖਿਆ ਦੇਣੀ ਚਾਹੁੰਦੇ ਹੋਣ ਤਾਂ ਉਹ ਦਾਖਲਾ/ਪਰੀਖਿਆ ਫ਼ਾਰਮ ਵਿੱਚ ਸਪਸ਼ਟ ਤੌਰ ਤੇ ਅੰਕਿਤ ਕਰੇਗਾ।

14.3 **ਗਰੇਸ ਅੰਕ:** ਪਰੀਖਿਆ ਪਾਸ ਕਰਨ ਲਈ ਪਰੀਖਿਆਰਥੀ ਨੂੰ ਅਪੀਅਰ ਹੋਏ ਵਿਸ਼ਿਆਂ ਦੇ ਕੁੱਲ ਅੰਕਾਂ ਦੇ 1% ਤੱਕ ਗਰੇਸ ਅੰਕ ਦਿੱਤੇ ਜਾਣਗੇ।

## 15. ਸਰਟੀਫ਼ਿਕੇਟ :

**ਪਾਸ ਵਿਦਿਆਰਥੀਆਂ ਨੂੰ ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਵਜੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਸਰਟੀਫ਼ਿਕੇਟ-ਕਮ-ਨੰਬਰ ਕਾਰਡ ਭੇਜੇ ਜਾਣਗੇ। ਇਹ ਸਰਟੀਫ਼ਿਕੇਟ-ਕਮ-ਨੰਬਰ ਕਾਰਡ ਪੰਜਾਬ ਸਕੂਲ ਸਿੱਖਿਆ**

**ਬੋਰਡ ਦੁਆਰਾ ਰੈਗੂਲਰ ਵਿਦਿਆਰਥੀਆਂ ਲਈ ਜਾਰੀ ਸੀਨੀਅਰ ਸੈਕੰਡਰੀ ਪਰੀਖਿਆ ਦੇ ਸਰਟੀਫ਼ਿਕੇਟ ਜਾਂ ਇਸ ਦੇ ਬਰਾਬਰ ਮੰਨੀ ਜਾਂਦੀ ਪਰੀਖਿਆ ਦੇ ਸਰਟੀਫ਼ਿਕੇਟ ਦੇ ਹਰ ਪੱਖੋਂ ਬਰਾਬਰ ਹੋਣਗੇ।**

## 16. ਪਰੀਖਿਆ ਸਬੰਧੀ ਹੋਰ ਨਿਯਮ:

ਪਰੀਖਿਆ, ਅਣਉਚਿੱਤ ਸਾਧਨ, ਦੁਰਵਿਵਹਾਰ ਅਤੇ ਹੋਰ ਨੁਕਤੇ/ਸ਼ਰਤਾਂ ਜੋ ਪ੍ਰਾਸਪੈਕਟਸ ਵਿੱਚ ਸ਼ਾਮਲ ਨਹੀਂ ਹਨ, ਸੰਬੰਧੀ ਉਹੀ ਵਿਨਿਯਮ ਲਾਗੂ ਹੋਣਗੇ ਜੋ ਰੈਗੂਲਰ ਵਿਦਿਆਰਥੀਆਂ ਤੇ ਲਾਗੂ ਹਨ।

## 17. ਬੋਰਡ ਦੀਆਂ ਪੂਰਕ ਸ਼ਕਤੀਆਂ:

ਜੇਕਰ ਉਪਰੋਕਤ ਨਿਯਮਾਂ ਵਿੱਚ ਕੋਈ ਵੀ ਪਰਿਵਰਤਨ ਜਾਂ ਕੋਈ ਹੋਰ ਨਿਯਮ ਸ਼ਾਮਲ ਕਰਨਾ ਹੋਵੇ ਤਾਂ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਉਚਿਤ ਨਿਰਣਾ ਲੈ ਸਕਦੇ ਹਨ।

## 18. ਵਿਆਖਿਆ:

ਇਹਨਾਂ ਨਿਯਮਾਂ ਦੀ ਵਿਆਖਿਆ ਕਰਨ ਸੰਬੰਧੀ ਕੋਈ ਸ਼ੰਕਾ ਹੋਵੇ ਤਾਂ ਬੋਰਡ ਦਾ ਨਿਰਣਾ ਅੰਤਿਮ ਹੋਵੇਗਾ।

**ਨੋਟ:-**

1. **ਬੋਰਡ ਵੱਲੋਂ ਬੈਂਕ ਰਾਹੀਂ ਲਈ ਫ਼ੀਸ ਹੀ ਵਿਦਿਆਰਥੀ ਦੀ ਕੁੱਲ ਦਾਖਲਾ ਅਤੇ ਪ੍ਰੀਖਿਆ ਫ਼ੀਸ ਹੈ। ਬੋਰਡ ਦੁਆਰਾ ਨਿਰਧਾਰਿਤ ਫ਼ੀਸ ਤੋਂ ਇਲਾਵਾ ਕੋਈ ਹੋਰ ਫ਼ੀਸ ਅਧਿਐਨ ਕੇਂਦਰ ਨੂੰ ਨਾ ਦਿੱਤੀ ਜਾਵੇ।**
2. ਬੋਰਡ ਵਲੋਂ ਨਿਰਧਾਰਤ ਫ਼ੀਸਾਂ ਤੋਂ ਵੱਧ ਫ਼ੀਸ ਜਾਂ ਕੋਈ ਹੋਰ ਫੰਡ ਆਦਿ ਵਿਦਿਆਰਥੀ ਵਲੋਂ ਅਧਿਐਨ ਕੇਂਦਰ ਵਿਚ ਜਮ੍ਹਾਂ ਨਹੀਂ ਕਰਵਾਇਆ ਜਾਵੇਗਾ। ਅਜਿਹਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਦਾ ਉਮੀਦਵਾਰੀ ਹੱਕ, ਅਧਿਐਨ ਕੇਂਦਰ ਦੀ ਮਾਨਤਾ ਵੀ ਰੱਦ ਕੀਤੀ ਜਾ ਸਕਦੀ ਹੈ।
3. ਜੇਕਰ ਕੋਈ ਅਧਿਐਨ ਕੇਂਦਰ ਨਿਰਧਾਰਤ ਫ਼ੀਸ ਨਾਲੋਂ ਜਿਆਦਾ ਫ਼ੀਸ ਦੀ ਮੰਗ ਕਰਦਾ ਹੈ ਤਾਂ ਇਸ ਦੀ ਲਿਖਤੀ ਸ਼ਿਕਾਇਤ **ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ.ਨਗਰ** ਨੂੰ ਕੀਤੀ ਜਾਵੇ।
4. ਕਿਸੇ ਪ੍ਰਕਾਰ ਦੀ ਔਕੜ, ਸਪਸ਼ਟੀਕਰਨ ਲਈ ਓਪਨ ਸਕੂਲ ਦੇ ਟੈਲੀਫੋਨ ਨੰ: 0172-5227196-197 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਿਦਿਆਰਥੀਆਂ ਲਈ ਹਦਾਇਤਾਂ

1 ਆਨਲਾਈਨ ਦਾਖਲਾ ਫ਼ਾਰਮ ਭਰਨ ਤੋਂ ਪਹਿਲਾਂ ਸਾਰੀਆਂ ਹਦਾਇਤਾਂ ਪੜ੍ਹ ਕੇ ਯਕੀਨੀ ਬਣਾ ਲਿਆ ਜਾਵੇ ਕਿ ਤੁਸੀਂ ਨਿਯਮਾਂ ਅਨੁਸਾਰ ਦਾਖਲਾ ਲੈਣ ਦੇ ਯੋਗ ਹੋ। ਇੱਕ ਵਾਰ ਭੇਜੀ ਗਈ ਫ਼ੀਸ ਕਿਸੇ ਹਾਲਤ ਵਿੱਚ ਵਾਪਸ ਜਾਂ ਐਡਜਸਟ ਨਹੀਂ ਕੀਤੀ ਜਾਵੇਗੀ।

2 ਵਿਦਿਆਰਥੀ ਆਪਣਾ ਆਨਲਾਈਨ ਦਾਖਲਾ ਫਾਰਮ, ਬਿਨਾ ਕੋਈ ਵਾਧੂ ਪੈਸਿਆਂ ਦੀ ਅਦਾਇਗੀ ਕੀਤੇ ਆਪ ਭਰੇ ਅਤੇ ਯਕੀਨੀ ਬਣਾਵੇ ਕਿ ਕੋਈ ਸਾਈਬਰ ਕੈਫੇ ਜਾਂ ਸੰਚਾਲਕ, ਪ੍ਰਾਈਵੇਟ ਅਧਿਆਪਕ ਜਾਂ ਕੋਈ ਪ੍ਰਾਈਵੇਟ ਸੰਸਥਾ ਜਾਂ ਉਸ ਦਾ ਨੁਮਾਇੰਦਾ ਬੋਰਡ ਦੀ ਫੀਸ ਤੋਂ ਇਲਾਵਾ ਵੱਧ ਪੈਸੇ ਲੈ ਕੇ ਵਿਦਿਆਰਥੀਆਂ ਦੇ Particulars ਅਤੇ ਵੇਰਵਿਆਂ ਤੋਂ ਜਾਣੂ ਹੋ ਸਕੇ।

3 ਦਾਖਲਾ ਫ਼ਾਰਮ ਵਿੱਚ ਸਾਰੇ ਤੱਥ ਜਿਵੇਂ ਕਿ ਵਿਦਿਆਰਥੀ ਦਾ ਨਾਂ, ਪਿਤਾ/ਮਾਤਾ ਦਾ ਨਾਂ, ਜਨਮ ਮਿਤੀ, ਕਰੈਡਿਟ ਕੈਰੀ ਲਈ ਚੁਣੇ ਵਿਸ਼ੇ, ਕੈਟਾਗਰੀ (1 ਜਾਂ 2 ਜਾਂ 3) ਜਿਸ ਅਧੀਨ ਪ੍ਰੀਖਿਆ ਦੇਣੀ ਹੈ ਅਤੇ ਪੂਰੇ ਵਿਸ਼ਿਆਂ ਆਦਿ ਬਾਰੇ ਤੱਸਲੀ ਕਰਨ ਉਪਰੰਤ ਹੀ ਫ਼ੀਸ ਭਰਾਈ ਜਾਵੇ। ਫ਼ਾਰਮ ਵਿਚ ਹੋਈ ਗਲਤੀ ਲਈ ਬੋਰਡ ਜ਼ਿੰਮੇਵਾਰ ਨਹੀਂ ਹੋਵੇਗਾ।

4 ਫੀਸ ਭਰ ਲੈਣ ਉਪਰੰਤ ਦਾਖਲਾ ਫਾਰਮ ਸਬੰਧਤ ਅਧਿਐਨ ਕੇਂਦਰ ਵਿੱਚ ਹੀ ਡਾਊਨਲੋਡ ਕੀਤਾ ਜਾ ਸਕੇਗਾ।

5 ਦਾਖ਼ਲਾ ਫ਼ਾਰਮ/ਫੀਸ ਭਰਨ ਤੋਂ ਬਾਅਦ 7 ਦਿਨਾਂ ਅੰਦਰ ਲੋੜੀਂਦੇ ਦਸਤਾਵੇਜ਼ਾਂ ਅਤੇ ਚਲਾਨ ਦੀਆਂ ਦੋ ਕਾਪੀਆਂ, ਸਮੇਤ ਯੋਗਤਾਵਾਂ ਅਤੇ ਰਿਹਾਇਸ਼ੀ ਪਰੂਫ, ਆਪਣੇ ਅਧਿਐਨ ਕੇਂਦਰ ਵਿੱਚ ਜਮ੍ਹਾਂ ਕਰਵਾਈਆਂ ਜਾਣ।

6 ਵਿਦਿਆਰਥੀ ਦਾ ਦਾਖਲਾ ਉਦੋਂ ਤੱਕ ਆਰਜ਼ੀ ਹੋਵੇਗਾ ਜਦੋਂ ਤੱਕ ਅਧਿਐਨ ਕੇਂਦਰ ਵੱਲੋਂ ਵਿਦਿਆਰਥੀ ਦੁਆਰਾ ਭਰੇ ਵੇਰਵਿਆਂ/ਯੋਗਤਾਵਾਂ ਦੀ ਪੜਤਾਲ ਨਾ ਕਰ ਲਈ ਜਾਵੇ। ਪੜਤਾਲ ਉਪਰੰਤ ਯੋਗਤਾ ਸਹੀ ਹੋਣ ਤੇ ਹੀ ਵਿਦਿਆਰਥੀ ਦਾ ਦਾਖਲਾ ਸੰਪੂਰਨ ਸਮਝਿਆ ਜਾਵੇਗਾ।

7 ਸ਼ਨਾਖਤੀ ਕਾਰਡ ਡਾਊਨਲੋਡ ਕਰਕੇ ਅਧਿਐਨ ਕੇਂਦਰ ਵਿਖੇ ਜਮ੍ਹਾਂ ਕਰਵਾਇਆ ਜਾਵੇ। ਇਹ ਕਾਰਡ ਅਧਿਐਨ ਕੇਂਦਰ ਦੇ ਮੁਖੀ ਦੁਆਰਾ ਪੜਤਾਲ ਅਤੇ ਪ੍ਰਤੀ ਹਸਤਾਖਰ ਕਰਨ ਉਪਰੰਤ ਵਿਦਿਆਰਥੀ ਨੂੰ ਵਾਪਸ ਕੀਤਾ ਜਾਵੇਗਾ। ਇਹ ਕਾਰਡ ਦਾਖਲਾ ਲੈਣ ਉਪਰੰਤ ਉਦੋਂ ਤੱਕ ਮੰਨਣਯੋਗ ਹੋਵੇਗਾ ਜਦ ਤੱਕ ਵਿਦਿਆਰਥੀ ਪਰੀਖਿਆ ਪਾਸ ਨਹੀਂ ਕਰ ਲੈਂਦਾ ਜਾਂ ਕੰਪਾਰਟਮੈਂਟ/ਰੀਅਪੀਅਰ ਲਈ ਉਸਨੂੰ ਦਿੱਤੇ ਸਾਰੇ ਮੌਕੇ ਸਮਾਪਤ ਨਹੀਂ ਹੋ ਜਾਂਦੇ। ਵਿਦਿਆਰਥੀ ਦੇ ਫੇਲ੍ਹ ਹੋ ਜਾਣ ਦੀ ਸੂਰਤ ਵਿੱਚ ਕਾਰਡ ਰੱਦ ਸਮਝਿਆ ਜਾਵੇਗਾ।

8 ਓਪਨ ਸਕੂਲ ਵਿੱਚ ਦਾਖਲਾ ਲੈਣ ਉਪਰੰਤ ਕਿਸੇ ਹੋਰ ਸੰਸਥਾ ਵਿੱਚ ਦਾਖਲਾ ਨਾ ਲਿਆ ਜਾਵੇ ਅਤੇ ਨਾ ਹੀ ਰੈਗੂਲਰ ਤੌਰ ਤੇ ਦਾਖਲਾ ਲਿਆ ਜਾਵੇ। ਅਜਿਹਾ ਕਰਨ ਦੀ ਸੂਰਤ ਵਿੱਚ ਸਾਰੇ ਦਾਖਲੇ ਰੱਦ ਕੀਤੇ ਜਾ ਸਕਦੇ ਹਨ ।

9 ਸਮਾਨਤਾ ਪੱਤਰ ਵੀ ਸਬੰਧਤ ਅਧਿਐਨ ਕੇਂਦਰ ਵੱਲੋਂ ਇੱਕਠੇ ਬੋਰਡ ਤੋਂ ਉਪਲਬਧ ਕਰਵਾਏ ਜਾਣਗੇ ਅਤੇ ਅਧਿਐਨ ਕੇਂਦਰ ਵੱਲੋਂ ਹੀ ਬੋਰਡ ਦੀ ਸਬੰਧਤ ਸ਼ਾਖਾ ਵਿੱਚ ਜਮ੍ਹਾ ਕਰਵਾਏ ਜਾਣਗੇ।

10 ਵਿਦਿਆਰਥੀਆਂ ਦੇ ਦਾਖਲਾ ਫ਼ਾਰਮਾਂ ਵਿੱਚ ਰਹਿ ਗਈਆਂ ਤਰੁਟੀਆਂ/ਊਣਤਾਈਆਂ ਸਬੰਧਤ ਅਧਿਐਨ ਕੇਂਦਰ ਵੱਲੋਂ ਨਿਰਧਾਰਿਤ ਸ਼ੈਡਿਊਲ ਅਨੁਸਾਰ ਬੋਰਡ ਦੀ ਪ੍ਰੀਖਿਆ ਸ਼ਾਖਾ ਵਿੱਚ ਜਾ ਕੇ ਦਰੁਸਤ ਕਰਵਾਈਆਂ ਜਾਣਗੀਆਂ। **ਸੋਧ ਲਈ ਦਾਖਲੇ ਦੀ ਬਿਨਾਂ ਲੇਟ ਫੀਸ ਅੰਤਿਮ ਮਿਤੀ ਤੋਂ ਬਾਅਦ 15 ਦਿਨ ਦਾ ਸਮਾਂ ਦਿੱਤਾ ਜਾਵੇਗਾ। ਲੇਟ ਫੀਸ ਨਾਲ ਦਾਖਲੇ ਦੀ ਅੰਤਿਮ ਮਿਤੀ ਤੋਂ ਬਾਅਦ ਸੋਧ ਕਰਵਾਉਣ ਲਈ 5 ਦਿਨ ਦਾ ਸਮਾਂ ਦਿੱਤਾ ਜਾਵੇਗਾ।**

11 ਇੱਕ ਵਾਰ ਦਾਖਲਾ ਲੈਣ ਤੋਂ ਬਾਅਦ ਵਿਦਿਆਰਥੀ ਦਾ ਅਧਿਐਨ ਕੇਂਦਰ ਉਦੋਂ ਤੱਕ ਨਹੀਂ ਬਦਲਿਆ ਜਾਵੇਗਾ, ਜਦ ਤੱਕ ਉਹ ਪਰੀਖਿਆ ਪਾਸ ਨਹੀਂ ਕਰ ਲੈਂਦਾ ਜਾਂ ਪਾਸ ਹੋਣ ਲਈ ਰੀ-ਅਪੀਅਰ ਲਈ ਦਿੱਤੇ **ਸਾਰੇ ਮੌਕੇ ਸਮਾਪਤ ਨਹੀਂ ਹੋ ਜਾਂਦੇ ਜਾਂ ਉਸ ਨੂੰ ਫੇਲ੍ਹ ਘੋਸ਼ਿਤ ਨਹੀਂ ਕਰ ਦਿੱਤਾ ਜਾਂਦਾ। ਉਹ ਆਪਣਾ ਰੀਅਪੀਅਰ ਦਾ ਪਰੀਖਿਆ ਫ਼ਾਰਮ/ਫ਼ੀਸ ਵੀ ਉਸੇ ਅਧਿਐਨ ਕੇਂਦਰ ਮੁਖੀ ਤੋਂ ਤਸਦੀਕ ਕਰਵਾ ਕੇ ਸਬੰਧਤ ਅਧਿਐਨ ਕੇਂਦਰ ਰਾਹੀਂ ਬੋਰਡ ਨੂੰ ਭੇਜੇਗਾ।** ਹੋਰ ਕਿਸੇ ਅਧਿਐਨ ਕੇਂਦਰ ਦੇ ਮੁਖੀ ਦੁਆਰਾ ਤਸਦੀਕ ਕੀਤਾ ਪਰੀਖਿਆ ਫ਼ਾਰਮ ਮੰਨਣ ਯੋਗ ਨਹੀਂ ਹੋਵੇਗਾ।

12 **ਰੀਅਪੀਅਰ ਦੀ ਪਰੀਖਿਆ ਦੇਣ ਲਈ ਪਰੀਖਿਆ ਫ਼ਾਰਮ ਤੇ ਫ਼ੀਸ ਨਤੀਜਾ ਘੋਸ਼ਿਤ ਹੋਣ ਤੋਂ 15 ਦਿਨ ਦੇ ਅੰਦਰ-ਅੰਦਰ ਬਿਨਾਂ ਲੇਟ ਫ਼ੀਸ ਨਾਲ ਭਰਿਆ ਜਾ ਸਕਦਾ ਹੈ।**

13 ਵਿਦਿਆਰਥੀ ਵੱਲੋਂ ਪੇਸ਼ ਤੱਥਾਂ ਦੇ ਆਧਾਰ ਤੇ ਹੀ ਉਸ ਨੂੰ ਦਾਖਲਾ ਦਿੱਤਾ ਜਾਣਾ ਹੈ। ਯੋਗਤਾ ਸੰਬੰਧੀ ਕਿਸੇ ਤਰ੍ਹਾਂ ਦੀ ਗਲਤ ਬਿਆਨੀ ਵਿਦਿਆਰਥੀ, ਸਮਾਜ ਅਤੇ ਓਪਨ ਸਕੂਲ ਦੇ ਉਦੇਸ਼ ਨੂੰ ਢਾਅ ਲਾ ਸਕਦੀ ਹੈ। ਜੇਕਰ ਕੋਈ ਤੱਥ ਜਾਂ ਤਰੁਟੀ ਰਹਿ ਜਾਂਦੀ ਹੈ ਜਾਂ ਕੋਈ ਦਸਤਾਵੇਜ਼ ਗਲਤ ਲਗਾਏ ਜਾਂਦੇ ਹਨ ਤਾਂ ਇਸ ਦੀ ਸਮੁੱਚੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।

14 ਵਿਦਿਆਰਥੀ ਸਮੇਂ-ਸਮੇਂ ਤੇ ਬੋਰਡ ਦੀ ਵੈੱਬਸਾਈਟ, ਆਪਣੀ **Email** ਅਤੇ **Spam mail** ਵੀ ਜ਼ਰੂਰ ਚੈੱਕ ਕਰ ਲੈਣ।

15 ਓਪਨ ਸਕੂਲ ਪ੍ਰਣਾਲੀ ਅਧੀਨ ਦਾਖਲਾ ਦੇਣ ਵਾਲੇ ਅਧਿਐਨ ਕੇਂਦਰ ਕਿਸੇ ਵੀ ਹੋਰ ਪ੍ਰਾਈਵੇਟ ਸੰਸਥਾ/ਅਕਾਦਮੀ/ਪ੍ਰਾਈਵੇਟ ਅਧਿਆਪਕ ਵੱਲੋਂ ਕਰਵਾਏ ਗਏ ਦਾਖਲੇ ਨੂੰ ਇੰਟਰਟੇਨ ਕਰਦੇ ਹਨ ਤਾਂ ਉਨ੍ਹਾਂ ਦੇ ਦਾਖਲੇ ਫੌਰਨ ਰੱਦ ਕਰ ਦਿੱਤੇ ਜਾਣਗੇ ਅਤੇ ਅਧਿਐਨ ਕੇਂਦਰ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

## ਆਨਲਾਈਨ ਦਾਖਲਾ ਫ਼ਾਰਮ ਭਰਨ ਦੀ ਪੜਾਅਵਾਰ ਪ੍ਰਕਿਰਿਆ:

ਨੋਟ: ਦਾਖਲਾ ਫ਼ਾਰਮ ਭਰਨ ਤੋਂ ਪਹਿਲਾਂ ਪ੍ਰਾਸਪੈਕਟਸ ਅਤੇ ਉਸ ਵਿੱਚ ਦਿੱਤੀਆਂ ਪੂਰੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਲਿਆ ਜਾਵੇ।

1. ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ www.pseb.ac.in ਤੇ ਜਾਓ।
2. Open School Link ਤੇ ਕਲਿੱਕ ਕਰਕੇ Online Admission Form ਤੇ ਕਲਿੱਕ ਕਰੋ।
3. ਸਬੰਧਤ ਕਲਾਸ ਤੇ ਕਲਿੱਕ ਕਰਕੇ ਰਜਿਸਟਰ ਕਰੋ।
4. ਫ਼ਾਰਮ ਦੇ ਉੱਪਰ ਦਰਸਾਈਆਂ ਹਦਾਇਤਾਂ ਪੜ੍ਹ ਕੇ "I accept and apply for Online Admission" ਤੇ ਕਲਿੱਕ ਕਰੋ।
5. ਇਸ ਉਪਰੰਤ ਦਾਖਲਾ ਫ਼ਾਰਮ ਵਿੱਚ ਰਜਿਸਟਰੇਸ਼ਨ ਫਾਰਮ ਦਿੱਤੇ ਸਾਰੇ ਵੇਰਵੇ ਭਰੋ। ਮੋਬਾਈਲ ਨੰਬਰ, ਈ-ਮੇਲ ਐਡਰੈਸ ਅਤੇ ਅਧਾਰ ਕਾਰਡ ਨੰ: ਭਰਨੇ ਅਤੀ ਜ਼ਰੂਰੀ ਹਨ।
6. ਸੀਨੀਅਰ ਸੈਕੰਡਰੀ ਸ਼੍ਰੇਣੀ ਵਿੱਚ ਦਾਖਲਾ ਲੈਣ ਵਾਲਾ ਵਿਦਿਆਰਥੀ ਆਪਣੇ ਗਰੁੱਪ ਦੀ ਚੋਣ ਬਹੁਤ ਧਿਆਨ ਨਾਲ ਭਰੇ ਕਿਉਂਕਿ ਇੱਕ ਵਾਰ ਫ਼ਾਰਮ ਭਰੇ ਜਾਣ ਤੋਂ ਬਾਅਦ ਗਰੁੱਪ ਵਿੱਚ ਤਬਦੀਲੀ ਕਰਨੀ ਸੰਭਵ ਨਹੀਂ ਹੋ ਸਕੇਗੀ।
7. ਸਾਰੇ ਵੇਰਵੇ ਭਰਨ ਉਪਰੰਤ ਵਿਦਿਆਰਥੀ Login ਕਰ ਸਕੇਗਾ। Login Details ਉਸ ਦੇ ਈ-ਮੇਲ ਐਡਰੈਸ ਅਤੇ ਫ਼ਾਰਮ ਵਿੱਚ ਭਰੇ ਮੋਬਾਈਲ ਨੰਬਰ ਤੇ ਮੈਸੇਜ ਦੁਆਰਾ ਪ੍ਰਾਪਤ ਹੋਵੇਗੀ।

8. Login ਕਰਨ ਉਪਰੰਤ ਫ਼ਾਰਮ 4 Steps ਵਿੱਚ ਭਰਿਆ ਜਾ ਸਕੇਗਾ।

9. ਦਾਖਲਾ ਫਾਰਮ ਵਿੱਚ ਵਿਦਿਆਰਥੀ ਆਪਣਾ ਪੱਕਾ ਫੋਨ ਨੰਬਰ ਭਰੇ ਜਿਸ ਨੂੰ ਪ੍ਰੀਖਿਆ ਪਾਸ ਕਰ ਲੈਣ ਤੱਕ ਬਦਲਿਆ ਨਾ ਜਾਵੇ। ਫੋਨ ਨੰਬਰ ਬਦਲ ਜਾਣ ਦੀ ਸੂਰਤ ਵਿੱਚ ਸੂਚਨਾ ਤੁਰੰਤ ਅਧਿਐਨ ਕੇਂਦਰ ਨੂੰ ਦਿੱਤੀ ਜਾਵੇ।

**Step-I (Fill up the following details)**

- ਇਸ ਵਿੱਚ ਵਿਦਿਆਰਥੀ **Click here to fill Application form** ਤੇ ਕਲਿੱਕ ਕਰਕੇ ਵਿਦਿਆਰਥੀ ਆਪਣੀ ਕੈਟਾਗਰੀ, ਬੋਰਡ, ਰੋਲ ਨੰਬਰ, ਸੈਸ਼ਨ, ਪਹਿਲੇ ਸਕੂਲ ਦਾ ਨਾਂ ਆਦਿ ਵੇਰਵੇ ਭਰੇਗਾ।
- Previous Information ਕਾਲਮ ਵਿੱਚ ਵਿਦਿਆਰਥੀ ਦਾ ਨਾਂ, ਪਿਤਾ ਦਾ ਨਾਂ, ਮਾਤਾ ਦਾ ਨਾਂ, ਜਾਤ, ਵਿਲੱਖਣ ਸਮਰੱਥਾ, ਧਰਮ, ਜਨਮ ਮਿਤੀ ਆਦਿ ਵੇਰਵੇ ਭਰ ਕੇ Save Details ਤੇ ਕਲਿੱਕ ਕਰਕੇ ਵੇਰਵੇ Save ਕਰੇਗਾ। ਇਸ ਤੋਂ ਬਾਅਦ ਵਿਦਿਆਰਥੀ **Click here to upload/change Photograph, Signature)** ਤੇ ਕਲਿੱਕ ਕਰਕੇ ਆਪਣੀ ਫੋਟੋ ਅਤੇ ਹਸਤਾਖਰ (ਦਰਸਾਏ ਗਏ ਅਕਾਰ ਅਨੁਸਾਰ) ਅਪਲੋਡ ਕਰੇਗਾ।
- ਸਾਰੇ ਵੇਰਵੇ ਸਹੀ ਤਰ੍ਹਾਂ ਭਰਨ ਤੋਂ ਬਾਅਦ Successfully Inserted ਦਾ ਮੈਸੇਜ ਆ ਜਾਵੇਗਾ, ਜਿਸ ਨੂੰ OK ਕਰਨ ਤੋਂ ਬਾਅਦ ਹੀ ਵਿਸ਼ਿਆਂ ਦੀ ਚੋਣ ਦਾ ਕਾਲਮ ਦਿਖ ਸਕੇਗਾ।
- ਇਸ ਤੋਂ ਬਾਅਦ **(Click here to fill Subject Details)** ਤੇ ਕਲਿੱਕ ਕਰਕੇ ਵਿਦਿਆਰਥੀ ਵਿਸ਼ੇ ਭਰੇਗਾ।

**Step-II (Payment Options)**

ਇਸ ਵਿੱਚ ਵਿਦਿਆਰਥੀ **(Click here to View Payment & Generate Challan)** ਤੇ ਕਲਿੱਕ ਕਰਕੇ ਦਿੱਤੇ ਗਏ ਦੋ ਬੈਂਕਾਂ ਵਿੱਚੋਂ ਸੁਵਿਧਾ ਅਨੁਸਾਰ ਕੋਈ ਵੀ ਇੱਕ ਬੈਂਕ ਚੁਣ ਕੇ ਬਣਦੀ ਫ਼ੀਸ ਦਾ ਚਲਾਨ Generate ਕਰ ਸਕੇਗਾ। ਫ਼ੀਸਾਂ ਦਾ ਵੇਰਵਾ **Check Fee details** ਤੇ ਕਲਿੱਕ ਕਰਕੇ ਦੇਖਿਆ ਜਾ ਸਕਦਾ ਹੈ। ਇੱਕ ਵਾਰ ਚਲਾਨ Generate ਹੋਣ ਤੋਂ ਬਾਅਦ Application Form Lock ਹੋ ਜਾਵੇਗਾ ਅਤੇ Edit ਨਹੀਂ ਕੀਤਾ ਜਾ ਸਕੇਗਾ।

- ਚਲਾਨ Generate ਹੋਣ ਤੋਂ ਬਾਅਦ Final Submission ਹੋ ਜਾਵੇਗੀ।

**Step-III (Study Centre & Print Acknowledgement/Registration Slip)**

- ਫ਼ੀਸ ਜਮ੍ਹਾਂ ਹੋਣ ਤੋਂ ਬਾਅਦ ਹੀ ਸਟਡੀ ਸੈਂਟਰ (ਅਧਿਐਨ ਕੇਂਦਰ) ਚੁਣਨ ਲਈ **(Click here to choose Study Centre)** ਦੀ Option ਖੁੱਲ੍ਹੇਗੀ।
- ਵਿਦਿਆਰਥੀ ਫ਼ੀਸ ਜਮ੍ਹਾਂ ਕਰਵਾਉਣ ਤੋਂ ਬਾਅਦ **(Click here to choose Study Centre)** ਤੇ ਕਲਿੱਕ ਕਰਕੇ ਜਿਲ੍ਹਾ ਅਨੁਸਾਰ ਦਿੱਤੇ ਗਏ ਸੈਂਟਰਾਂ ਦੀ ਸੂਚੀ ਵਿੱਚੋਂ ਉਪਲਬਧਤਾ ਅਨੁਸਾਰ ਅਧਿਐਨ ਕੇਂਦਰ ਚੁਣ ਸਕਦਾ ਹੈ।
- ਸੈਂਟਰ ਅਲਾਟ ਹੋਣ ਪਿੱਛੋਂ ਦਾਖਲਾ ਫ਼ਾਰਮ ਅਲਾਟ ਕੀਤੇ ਅਧਿਐਨ ਕੇਂਦਰ ਵਿੱਚ ਹੀ ਡਾਊਨਲੋਡ ਕੀਤਾ ਜਾ ਸਕੇਗਾ। **(Click here to download Acknowledgement slip of admission form)** ਤੇ ਕਲਿੱਕ ਕਰਕੇ **Acknowledgement slip** ਵੀ ਡਾਊਨਲੋਡ ਕਰ ਲਈ ਜਾਵੇ।

- ਦਾਖ਼ਲਾ ਫ਼ਾਰਮ/ਫੀਸ ਭਰਨ ਤੋਂ ਬਾਅਦ 7 ਦਿਨਾਂ ਅੰਦਰ ਲੋੜੀਂਦੇ ਦਸਤਾਵੇਜ਼ਾਂ ਅਤੇ ਚਲਾਨ ਦੀਆਂ ਦੋ ਕਾਪੀਆਂ, ਸਮੇਤ ਯੋਗਤਾਵਾਂ ਅਤੇ ਰਿਹਾਇਸ਼ੀ ਪਰੂਫ (ਪ੍ਰਾਸਪੈਕਟਸ ਦੇ ਪੰਨਾ ਨੰ: 7 ਤੇ ਲੜੀ ਨੰ: 8 ਅਨੁਸਾਰ), ਆਪਣੇ ਅਧਿਐਨ ਕੇਂਦਰ ਵਿੱਚ ਜਮ੍ਹਾਂ ਕਰਵਾਈਆਂ ਜਾਣ।
- ਸ਼ਨਾਖਤੀ ਕਾਰਡ ਹਦਾਇਤਾਂ ਅਨੁਸਾਰ ਸੈਂਟਰ ਤੋਂ ਤਸਦੀਕ ਕਰਵਾ ਲਿਆ ਜਾਵੇ।
- ਪਾਸਵਰਡ ਬਦਲਣ ਲਈ ਵਿਦਿਆਰਥੀ **(<u>Click here to Change Password</u>)** ਤੇ ਕਲਿੱਕ ਕਰਕੇ ਪਾਸਵਰਡ ਬਦਲ ਸਕਦਾ ਹੈ।

9. ਵਿਦਿਆਰਥੀ ਸਮੇਂ-ਸਮੇਂ ਤੇ ਆਪਣੀ **<u>Spam mail</u>** ਵੀ ਜ਼ਰੂਰ ਚੈੱਕ ਕਰ ਲੈਣ।

## ਵਿਦਿਆਰਥੀਆਂ ਲਈ ਧਿਆਨ ਦੇਣ ਯੋਗ ਗੱਲਾਂ

1 ਚੰਗੀ ਵਿੱਦਿਆ ਦੇਣ ਵਿੱਚ ਅਧਿਐਨ ਕੇਂਦਰ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ, ਪਰ ਅਜਿਹਾ ਵਿਦਿਆਰਥੀਆਂ ਦੇ ਸਹਿਯੋਗ ਅਤੇ ਮਿਲਵਰਤਨ ਤੋਂ ਬਿਨਾਂ ਸੰਭਵ ਨਹੀਂ। ਜਿਹੜੇ ਵਿਦਿਆਰਥੀ ਅਧਿਐਨ ਕੇਂਦਰਾਂ ਦੇ ਨਿਯਮਾਂ ਦੀ ਉਲੰਘਣਾ ਕਰਨਗੇ ਉਹਨਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਦੇ ਹੋਏ ਉਹਨਾਂ ਦਾ ਦਾਖਲਾ ਵੀ ਰੱਦ ਕੀਤਾ ਜਾ ਸਕਦਾ ਹੈ।

2 ਆਨਲਾਈਨ ਦਾਖਲੇ ਦੌਰਾਨ ਅਲਾਟ ਹੋਏ ਅਧਿਐਨ ਕੇਂਦਰ ਨਾਲ ਅੱਗੇ ਕੀਤੀ ਜਾਣ ਵਾਲੀ ਕਾਰਵਾਈ ਲਈ ਸੰਪਰਕ ਕੀਤਾ ਜਾਵੇ।

3 ਵਿਦਿਆਰਥੀ ਉਸੇ ਸਮੇਂ ਅਤੇ ਉਸੇ ਦਿਨ ਹੀ ਅਧਿਐਨ ਕੇਂਦਰ ਵਿੱਚ ਜਾਣਗੇ ਜੋ ਕਿ ਅਧਿਐਨ ਕੇਂਦਰ ਦੇ ਮੁਖੀ ਦੁਆਰਾ ਉਹਨਾਂ ਲਈ ਨਿਰਧਾਰਤ ਕੀਤਾ ਜਾਂਦਾ ਹੈ।

4 ਜਦੋਂ ਵੀ ਵਿਦਿਆਰਥੀ ਅਧਿਐਨ ਕੇਂਦਰ ਦੇ ਵਿੱਚ ਆਉਂਦਾ ਹੈ ਤਾਂ ਸ਼ਨਾਖਤੀ ਕਾਰਡ ਆਪਣੇ ਨਾਲ ਲੈ ਕੇ ਆਵੇ ਨਹੀਂ ਤਾਂ ਉਸ ਨੂੰ ਅਧਿਐਨ ਕੇਂਦਰ ਵਿੱਚ ਪ੍ਰਵੇਸ਼ ਕਰਨ ਤੋਂ ਰੋਕਿਆ ਵੀ ਜਾ ਸਕਦਾ ਹੈ।

5 ਦਾਖਲਾ ਲੈਣ ਉਪਰੰਤ ਵਿਦਿਆਰਥੀ ਸਾਰੇ ਸਾਲ ਦੀਆਂ ਕਿਰਿਆਵਾਂ ਆਦਿ ਬਾਰੇ ਆਪਣੇ ਅਧਿਐਨ ਕੇਂਦਰ ਤੋਂ ਜਾਣਕਾਰੀ ਪ੍ਰਾਪਤ ਕਰਨਗੇ ਅਤੇ ਸਮੇਂ-ਸਮੇਂ ਤੇ ਦਿੱਤੀਆਂ ਹਦਾਇਤਾਂ ਦਾ ਪਾਲਣ ਕਰਨਗੇ।

6 ਵਿਦਿਆਰਥੀ ਕੇਵਲ ਉਸੇ ਪਾਠ ਸਮੱਗਰੀ ਦਾ ਅਧਿਐਨ ਕਰਨਗੇ ਜਿਹੜੀ ਓਪਨ ਸਕੂਲ ਵੱਲੋਂ ਉਹਨਾਂ ਲਈ ਭੇਜੀ ਜਾਂਦੀ ਹੈ ਜਾਂ ਜਿਹੜੀ ਅਧਿਐਨ ਕੇਂਦਰਾਂ ਦੇ ਅਧਿਆਪਕ ਉਹਨਾਂ ਨੂੰ ਦੱਸਦੇ ਹਨ। ਉਹ ਬਾਜ਼ਾਰੀ ਗਾਈਡਾਂ ਅਤੇ ਸਸਤੇ ਖਲਾਸਿਆਂ ਦੀ ਵਰਤੋਂ ਨਾ ਕਰਨ।

7 ਵਿਦਿਆਰਥੀ ਅਧਿਐਨ ਕੇਂਦਰ ਦੇ ਸਮਾਨ ਤੇ ਜਾਇਦਾਦ ਦਾ ਧਿਆਨ ਰੱਖਣਗੇ ਅਤੇ ਪੂਰੇ ਅਨੁਸ਼ਾਸਨ ਵਿੱਚ ਰਹਿਣਗੇ।

ਨੋਟ:- 1) ਅਧਿਐਨ ਕੇਂਦਰ ਵਿੱਚ ਦਾਖਲਾ ਲੈਣ ਲਈ ਅਕਾਦਮਿਕ ਸਾਲ 2018-18 ਲਈ ਓਪਨ ਸਕੂਲ ਦੇ ਕੋਰਸਾਂ ਲਈ ਐਕਰੀਡਿਟ ਕੀਤੇ ਅਧਿਐਨ ਕੇਂਦਰਾਂ ਦੀ ਸੂਚੀ ਵੇਖੀ ਜਾਵੇ।

2) ਵੱਖ ਵੱਖ ਵਿਸ਼ਿਆਂ ਦਾ ਪਾਠ-ਕ੍ਰਮ ਘੋਖਣ ਲਈ ਅਕਾਦਮਿਕ ਸ਼ਾਖਾ ਵੱਲੋਂ ਵੈੱਬਸਾਈਟ ਤੇ ਪੋਸਟ ਕੀਤੇ ਪਾਠ-ਕ੍ਰਮ ਦੇਖੇ ਜਾਣ।

## ਦਾਖਲੇ ਸਮੇਂ ਵਿਦਿਆਰਥੀ ਦੁਆਰਾ ਦਾਖਲਾ ਫ਼ਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼

| **ਲੜੀ ਨੰ:** | **ਦਸਤਾਵੇਜ਼** | **ਫੋਟੋ ਕਾਪੀਆਂ ਦੀ ਗਿਣਤੀ** |
|---|---|---|
| 1 | ਚਲਾਨ ਦੀ ਕਾਪੀ | ਦੋ ਕਾਪੀਆਂ |
| 2 | ਦਾਖਲੇ ਅਤੇ ਜਨਮ ਮਿਤੀ ਲਈ ਯੋਗਤਾ ਨਿਯਮ 4 ਅਨੁਸਾਰ ਪੇਸ਼ ਕੀਤੇ ਦਸਤਾਵੇਜ਼ ਅਤੇ | ਦੋ–ਦੋ ਫੋਟੋ ਕਾਪੀਆਂ |
| 3 | ਵਿਸ਼ਿਆਂ ਦਾ ਕਰੈਡਿਟ ਕੈਰੀ ਕਰਨ ਲਈ ਪੇਸ਼ ਕੀਤੇ ਸਰਟੀਫ਼ਿਕੇਟ | ਦੋ ਫੋਟੋ ਕਾਪੀਆਂ |
| 4 | ਐਸ.ਸੀ./ਬੀ.ਸੀ./ਅਪੰਗ ਹੋਣ ਦੀ ਸੂਰਤ ਵਿੱਚ ਅਸਲ ਸਰਟੀਫ਼ਿਕੇਟ ਅਤੇ | ਦੋ ਫੋਟੋ ਕਾਪੀਆਂ |
| 5 | ਜ਼ਿਲ੍ਹੇ ਦਾ ਵਸਨੀਕ ਹੋਣ ਦੇ ਸਬੂਤ ਵਜੋਂ ਨਿਯਮ 4.5 ਅਨੁਸਾਰ ਕੋਈ ਇੱਕ ਸਰਟੀਫ਼ਿਕੇਟ ਅਤੇ | ਦੋ ਫੋਟੋ ਕਾਪੀਆਂ |
| 6 | ਆਪਣੇ ਜਿਲ੍ਹੇ ਤੋਂ ਬਾਹਰਲੇ ਜ਼ਿਲ੍ਹੇ ਵਿੱਚ ਦਾਖਲਾ ਲੈਣ ਲਈ ਲੋੜੀਂਦੇ ਦਸਤਾਵੇਜ਼ ਅਤੇ | ਦੋ ਫੋਟੋ ਕਾਪੀਆਂ |

**ਨੋਟ : ਉਪਰੋਕਤ ਦਸਤਾਵੇਜ਼ਾਂ ਦੇ ਦੋ ਸੈੱਟ ਬਣਾ ਕੇ ਜਮ੍ਹਾਂ ਕਰਵਾਏ ਜਾਣ।**

### ਦਾਖਲੇ ਉਪਰੰਤ ਵਿਦਿਆਰਥੀ ਦੁਆਰਾ ਅਧਿਐਨ ਕੇਂਦਰ ਪਾਸੋਂ ਪ੍ਰਾਪਤ ਕੀਤੇ ਜਾਣ ਵਾਲੇ ਦਸਤਾਵੇਜ਼

1. ਯੋਗਤਾ, ਤਹਿਸੀਲ ਦੇ ਵਸਨੀਕ ਐਸ.ਸੀ./ਬੀ.ਸੀ./ਅਪੰਗ ਹੋਣ ਦੀ ਸੂਰਤ ਵਜੋਂ ਪੇਸ਼ ਅਸਲ ਸਰਟੀਫ਼ਿਕੇਟ ।
2. ਅਧਿਐਨ ਕੇਂਦਰ ਮੁਖੀ ਦੁਆਰਾ ਤਸਦੀਕ ਕੀਤਾ ਸ਼ਨਾਖਤੀ ਕਾਰਡ।
3. ਕਰੈਡਿਟ ਕੈਰੀ ਲੈਣ ਲਈ ਪੇਸ਼ ਕੀਤਾ ਗਿਆ ਅਸਲ ਸਰਟੀਫ਼ਿਕੇਟ।